ਕੈਨੇਡਾ ਦਰਪਣ

ਨਵੰਬਰ 5, 1982

November 5, 1982

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਪੰਜਾਬੀ ਪੰਦਰਾ-ਰੋਜ਼ਾ ਅਖਬਾਰ

SPECIMEN COPY
Please Subscribe Now.

ਕੈਨੇਡਾ ਦਰਪਣ

THE CANADA DARPAN
PUNJABI BI-WEEKLY

Publisher: ASIA BOOK COMPANY LTD. (Regd.)
VOL. 1, NO. 1 — FRIDAY, NOVEMBER 5, 1982
PHONE: 324-6111

ADDRESS:
P.O. BOX 67344 STN. 'O'
VANCOUVER, B.C. V5W 3T1
CANADA

Hon.Editor DARSHAN GILL
Ph. (604) 321-6360



FRONTIER CLOTH HOUSE

6695 Main St. at 51st. Ave. Vancouver, B.C.

Tel.: 325-4424 THE KING OF SAREE Tel.: 325-3515

ਸਮੂਹ ਸੰਗਤਾਂ ਨੂੰ ਸਾਹਿਬ ਸ੍ਰੀ ਗੁਰੂ
ਨਾਨਕ ਦੇਵ ਜੀ ਦੇ ਅਵਤਾਰ ਦ
ਦੀ ਲੱਖ ਲੱਖ ਵਧਾਈ

ਦੀਵਾਰ ਤੇ ਸਜਾਉਣ ਲਈ ਬਹੁਤ ਹੀ ਸੁੰਦਰ
ਫੋਟੋ ਵਾਲਾ

ਗਲੀਚਾ

ਜਿਸ ਵਿੱਚ ਇੱਕ ਪਾਸੇ ਗੁਰੂ ਨਾਨਕ ਦੇਵ ਜੀ ਦੀ ਫੋਟੋ
ਅਤੇ ਦੂਸਰੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ
ਅਤੇ ਵਿਚਕਾਰ ਹਰਮੰਦਰ ਸਾਹਿਬ ਅੰਮ੍ਰਿਤਸਰ ਦੀ
ਫੋਟੋ ਹੈ। ਇਹ ਗਲੀਚਾ ਘਰ ਦੀ ਸ਼ਾਨ ਹੈ।

ਕੀਮਤ ਸਿਰਫ
49 ਡਾਲਰ
ਫਰੰਟੀਅਰ ਕਲਾਥ ਹਾਊਸ

King of Saree FRONTIER SAREES **King of Drapery**

FRONTIER CLOTH HOUSE

6695 Main St. at 51st. Ave. Vancouver, B.C.

FRONTIER SAREES Tel.: 325-4424 THE KING OF SAREE Tel.: 325-3515 FRONTIER SAREES

ਅਕਾਲੀਆਂ ਵਿਚ ਅੰਦਰੂਨੀ ਫੁੱਟ

ਇਕ ਧੜਾ ਗੱਲਬਾਤ ਲਈ ਤਿਆਰ

ਅੰਮ੍ਰਿਤਸਰ — ਅਕਾਲੀ ਮੋਰਚੇ ਵਿਚ ਕਰੀਬ 100 ਬੰਦੇ ਮਰਵਾਉਣ ਬਾਦ, ਅਕਾਲੀ ਲੀਡਰ ਆਪਸ ਵਿਚ ਵਿਗੜਦੇ ਨਜ਼ਰ ਆ ਰਹੇ ਹਨ, ਅਤੇ ਇਕ ਦੂਜੇ ਵਿਰੁਧ ਹਲਕੀ ਹਲਕੀ ਬਿਆਨਬਾਜ਼ੀ ਕਰਨ ਲੱਗ ਪਏ ਹਨ।

ਮੋਰਚੇ ਦੇ ਡਿਕਟੇਟਰ ਸੰਤ ਲੌਂਗੋਵਾਲ, ਜਿਹਨਾਂ ਸਟੈਂਡ ਲਿਆ ਸੀ ਕਿ ਉਹ ਕੇਂਦਰੀ ਸਰਕਾਰ ਜਾਂ ਪ੍ਰਧਾਨ ਮੰਤਰੀ ਮਿਸਜ਼ ਗਾਂਧੀ ਨਾਲ ਕੋਈ ਗੱਲ ਨਹੀਂ ਕਰਨਗੇ, ਕਿਉਂਕਿ ਗੱਲਾਂ ਬਥੇਰੀਆਂ ਕਰ ਚੁਕੇ ਹਨ, ਇਸ ਹਫਤੇ ਗੱਲਬਾਤ ਕਰਨ ਲਈ ਪੰਜ ਮੈਂਬਰੀ ਕਮੇਟੀ ਸਥਾਪਤ ਕਰ ਗਏ ਹਨ।

ਪੰਜ ਮੈਂਬਰ ਇਹ ਹਨ: ਸਰਬ ਸ੍ਰੀ ਬਾਦਲ, ਟੌਹੜਾ, ਤਲਵੰਡੀ, ਬਲਵੰਤ ਸਿੰਘ ਅਤੇ ਸੁਖਜਿੰਦਰ ਸਿੰਘ।

ਤਲਵੰਡੀ ਨੇ ਇਸ ਕਮੇਟੀ ਤੋਂ ਆਪਣਾ ਨਾਂ ਵੱਖ ਕਰਨ ਦਾ ਨਾ ਤਾਂ ਐਲਾਨ ਹੀ ਕੀਤਾ ਹੈ, ਅਤੇ ਨਾ ਸਵੀਕਾਰ ਹੀ। ਉਂਜ ਗੁੱਸੇ ਵਿਚ ਉਹਨਾਂ ਲੁਧਿਆਣਾ ਜਿਹਲ ਛੱਡਣ ਤੋਂ ਇਨਕਾਰ ਕਰ ਦਿਤਾ ਹੈ। ਉਹ ਆਪਣੇ 2000 ਸਾਥੀਆਂ ਨੂੰ ਵੀ ਬਾਹਰ ਨਹੀਂ ਜਾਣ ਦੇ ਰਹੇ। ਜਿਹਲ ਅਧਿਕਾਰੀਆਂ ਨੇ ਰਾਸ਼ਨ ਬੰਦ ਕੀਤਾ ਹੋਇਆ ਹੈ, ਪਰ ਜ਼ਿਲੇ ਦੇ ਗੁਰਦਵਾਰੇ ਅਤੇ ਪਿੰਡ ਨਿਰੰਕਾਰ-ਸ਼ਰਧਾ ਅਕਾਲੀਆਂ ਨੂੰ ਲੰਗਰ ਛਕਾ ਰਹੇ ਹਨ।

ਪੰਜਾਬ ਸਰਕਾਰ ਨੇ ਉਹਨਾਂ ਦੀ ਰਿਹਾਈ ਦੇ ਆਰਡਰ ਦੇ ਰੱਖੇ ਹਨ, ਪਰ ਪੁਲਸ ਸਿਵਾਏ ਟੀਅਰ ਗੈਸ ਦੀ ਮਦਦ ਦੇ, ਉਹਨਾਂ ਨੂੰ ਜਿਹਲ ਚੋਂ ਬਾਹਰ ਕੱਢਣ ਵਿਚ ਅਸਮਰੱਥ ਰਹੀ ਹੈ।

ਸੰਤ ਲੌਂਗੋਵਾਲ ਨੇ ਜਥੇਦਾਰ ਤਲਵੰਡੀ ਨੂੰ ਅਪੀਲ ਕੀਤੀ ਸੀ ਕਿ ਜਿਹਲ ਛੱਡ ਦੇਣ, ਜੋ ਉਹਨਾਂ ਠੁਕਰਾ ਦਿਤੀ। ਫਿਰ ਦੋ ਬੰਦੇ ਭੇਜੇ, ਜਿਹਨਾਂ ਨੂੰ ਤਲਵੰਡੀ ਨੇ ਖਾਲੀ ਹੱਥ ਵਾਪਸ ਕਰ ਦਿਤਾ ਅਤੇ ਆਖਿਆ ਕਿ ਉਹ ਥੁੱਕ ਕੇ ਚੱਟਣ ਵਾਲੇ ਲੀਡਰਾਂ ਚੋਂ ਨਹੀਂ। ਉਹਨਾਂ ਆਖਿਆ ਕਿ ਸੰਤ ਲੌਂਗੋਵਾਲ ਜਦੋਂ ਵਾਰ ਵਾਰ ਐਲਾਨ ਕਰ ਚੁਕੇ ਹਨ, ਕਿ ਮੰਗਾਂ ਕੇਂਦਰੀ ਸਰਕਾਰ ਕੋਲ ਪਈਆਂ ਹਨ, ਮੰਨਣ ਦਾ ਹੁਕਮ ਜਾਰੀ ਕਰਨ, ਫਿਰ ਗੱਲਬਾਤ ਕਾਹਦੇ ਲਈ?

ਸੈਂਕੜੇ ਅਕਾਲੀਆਂ ਨੇ ਦਸਖਤ ਕਰਕੇ ਜਥੇਦਾਰ ਤਲਵੰਡੀ ਨੂੰ ਜਿਹਲ ਵਿਚ ਇਕ ਚਿਠੀ ਭੇਜਿਆ ਹੈ, ਜਿਸ ਵਿਚ ਲਿਖਿਆ ਗਿਆ ਹੈ, ਕਿ ਬਾਕੀ ਅਕਾਲੀ ਲੀਡਰ ਤਾਂ "ਵਿਕਾਊ ਮਾਲ" ਹੈ, ਤੁਸੀਂ ਅਨੰਦ ਪੁਰ ਦੇ ਮਤੇ ਲਈ ਡਟੇ ਰਹੋ, ਕੌਮ ਤੁਹਾਡਾ ਮੁੱਲ ਤਾਰੇਗੀ।

ਗੱਲ ਬਾਤ ਲਈ ਬਣਾਈ ਗਈ ਕਮੇਟੀ ਬਾਰੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸਲਾਹ ਨਹੀਂ ਲਈ ਗਈ ਅਤੇ ਨਾ ਹੀ ਮੈਂਬਰਾਂ ਦੇ ਨਾਵਾਂ ਬਾਰੇ ਉਹਨਾਂ ਨੂੰ ਦੱਸਿਆ ਗਿਆ।

ਜਦੋਂ ਪੱਤਰ ਪ੍ਰੇਰਕਾਂ ਨੇ ਸੰਤ ਭਿੰਡਰਾਂ ਦੀ ਕਮੇਟੀ ਬਾਰੇ ਰਾਏ ਪੁਛੀ ਤਾਂ ਉਹਨਾਂ ਆਖਿਆ

"ਮੈਂ ਅਜੇਹੀ ਹਰ ਕਮੇਟੀ ਦੇ ਵਿਰੁਧ ਹਾਂ। ਗੱਲਬਾਤ ਪਾਣੀ 'ਚ ਮਧਾਣੀ ਰਿੜਕਣ ਵਾਲੀ ਗੱਲ ਹੈ। ਮੈਨੂੰ ਮੈਂਬਰਾਂ ਬਾਰੇ ਨਹੀਂ ਦੱਸਿਆ ਗਿਆ।"



ਜ਼ਿਲਾ ਜੇਲ੍ਹ ਜਲੰਧਰ ਵਿਚੋਂ ਰਿਹਾ ਕੀਤੇ ਗਏ ਅਕਾਲੀ ਅੰਦੋਲਨਕਾਰੀ ਜੇਲ੍ਹ ਵਿਚੋਂ ਬਾਹਰ ਨੂੰ ਆਉਂਦੇ ਹੋਏ (ਫੋਟੋ : ਕਪੂਰ)

ਸੰਤ ਭਿੰਡਰਾਂ ਦਾ ਚਿਹਰਾ ਉਤਰਿਆ ਹੋਇਆ ਸੀ, ਅਤੇ ਉਹ ਮਾਯੂਸ ਨਜ਼ਰ ਆ ਰਹੇ ਸਨ।

ਅਕਾਲੀ ਪਾਰਟੀ ਅੰਦਰ ਦੋ ਗਰੁਪ, ਜੋ ਬਣੇ ਹੋਏ ਤਾਂ ਕਾਫੀ ਪਹਿਲੇ ਹੀ ਸਨ, ਪਰ ਇਸ ਹਫਤੇ ਆਪਸੀ ਕਸ਼ਮਕਸ਼ ਕਾਰਣ ਉੱਭਰ ਕੇ ਸਾਹਮਣੇ ਆ ਗਏ ਹਨ। ਸ. ਬਾਦਲ, ਬਲਵੰਤ ਸਿੰਘ, ਉਮਰਾਨੰਗਲ, ਅਤੇ ਰਾਜਿੰਦਰ ਸਿੰਘ ਬਾਟੀਆ ਚਾਹੁੰਦੇ ਹਨ ਕਿ ਕੇਂਦਰੀ ਸਰਕਾਰ ਨਾਲ ਗੱਲਬਾਤ ਕਰ ਲਈ ਜਾਵੇ ਅਤੇ ਸੌਦੇਬਾਜ਼ੀ ਕਰ ਲਈ ਜਾਵੇ। ਉਹਨਾਂ ਦਾ ਵਿਚਾਰ ਹੈ ਕਿ ਜੇ ਕੇਂਦਰੀ ਸਰਕਾਰ ਇਸ ਗੱਲ 'ਤੇ ਰਾਜ਼ੀ ਹੋ ਜਾਵੇ, ਕਿ ਪੰਜਾਬ ਵਿਚ ਅਕਾਲੀਆਂ ਨੂੰ 60 ਪ੍ਰਤੀਸ਼ਤ ਅਤੇ ਕਾਂਗਰਸ ਨੂੰ 40 ਪ੍ਰਤੀਸ਼ਤ ਸੀਟਾਂ ਰਾਖਵੀਆਂ ਮਿਲ ਜਾਣ, ਤਾਂ ਅਨੰਦ ਪੁਰ ਦੇ ਮਤੇ ਨਾਲੋਂ ਵਧੇਰੇ ਗੁਣਕਾਰੀ ਸੌਦਾ ਹੈ, ਕਿਉਂਕਿ ਇਸ ਨਾਲ ਵਜ਼ਾਰਤ ਹਮੇਸ਼ਾਂ ਅਕਾਲੀਆਂ ਦੀ ਰਹੇਗੀ।

ਜੇ ਕੇਂਦਰੀ ਸਰਕਾਰ ਇਹ ਗੱਲ ਨਾ ਮੰਨੇ, ਤਾਂ ਸਮਝੌਤੇ ਦਾ ਕੋਈ ਹੋਰ ਰਾਹ ਕੱਢ ਲਿਆ ਜਾਵੇ, ਜਿਸ ਨਾਲ ਰਾਜ ਭਾਗ ਵਿਚ ਉਹਨਾਂ ਨੂੰ ਹਿੱਸਾ ਜ਼ਰੂਰ ਮਿਲੇ। ਉਹਨਾਂ ਦਾ ਇਹ ਵੀ ਯਤਨ ਹੈ ਕਿ ਜਥੇਦਾਰ ਟੌਹੜਾ ਨੂੰ ਪ੍ਰਧਾਨਗੀ ਪਦ ਤੋਂ ਚਲਦਾ ਕਰਕੇ ਜਥੇਦਾਰ ਤਲਵੰਡੀ ਨਾਲ ਸਾਂਝ ਪਾ ਲਈ ਜਾਵੇ, ਅਤੇ ਸ ਤਲਵੰਡੀ ਨੂੰ ਪ੍ਰਧਾਨਗੀ ਦਾ ਚੋਗਾ ਪਾਇਆ ਜਾਵੇ।

ਜਥੇਦਾਰ ਟੌਹੜਾ ਅਤੇ ਸ ਸੁਖਜਿੰਦਰ ਸਿੰਘ ਗਰੁਪ ਚਾਹੁੰਦਾ ਹੈ, ਕਿ ਤਲਵੰਡੀ ਨੂੰ ਨਾਲ ਰੱਖਿਆ ਜਾਵੇ, ਅਤੇ ਸਰਕਾਰ ਨਾਲ ਟੱਕਰ ਜਾਰੀ ਰਹੇ।

ਸੰਤ ਲੌਂਗੋਵਾਲ, ਬਾਦਲ ਅਤੇ ਟੌਹੜੇ ਵਿਚਕਾਰ ਪਿਸ ਰਹੇ ਹਨ।

ਕੈਨੇਡਾ ਤੋਂ ਅਕਾਲੀ ਜਥਾ ਪੰਜਾਬ ਗਿਆ

ਸਾਊਥਾਲ — ਲੁਧਿਆਣਾ ਜ਼ਿਲਾ ਦਿਹਾਤੀ ਦੇ ਅਕਾਲੀ ਦਲ ਦੇ ਪ੍ਰਧਾਨ ਸ ਤਾਲਬ ਸਿੰਘ ਦੀ ਪ੍ਰਧਾਨਗੀ ਹੇਠ ਇਕ ਪੰਜ ਮੈਂਬਰੀ ਜਥਾ ਇਸ ਹਫਤੇ ਅਕਾਲੀ ਮੋਰਚੇ ਵਿਚ ਗ੍ਰਿਫਤਾਰੀ ਦੇਣ ਅੰਮ੍ਰਿਤਸਰ ਪਹੁੰਚਿਆ। ਇਸ ਵਿਚ ਸ. ਗੁਰਦੀਪ ਸਿੰਘ ਲਿੱਦੜ ਪਿੰਡ ਲਿੱਦੜਾਂ ਅੰਮ੍ਰਿਤਸਰ, ਸ. ਜਰਨੈਲ ਸਿੰਘ ਸੰਧੂ ਪਿੰਡ ਮੋਹਣਪੁਰ ਕੰਦਹਾਲੀ, ਸ. ਸਵਰਨ ਸਿੰਘ ਡਮੇਲੀ, ਪਿੰਡ ਡਮੇਲੀ ਜਲੰਧਰ, ਅਤੇ ਨੰਬਰਦਾਰ ਚੰਨਣ ਸਿੰਘ ਬਿਲਗਾ, ਜ਼ਿਲਾ ਜਲੰਧਰ ਸ਼ਾਮਲ ਸਨ। ਸ. ਤਾਲਬ ਤੋਂ ਬਿਨਾਂ ਬਾਕੀ ਚੌਹਾਂ ਦਾ ਕਿਰਾਇਆ ਗੁਰੂ ਨਾਨਕ ਸਿੱਖ ਟੈਂਪਲ ਡੈਲਟਾ ਸਰੀ ਵੈਨਕੂਵਰ ਨੇ ਲਗਾਇਆ। ਸ. ਤਾਲਬ ਤਿੰਨ ਮਹੀਨੇ ਪਹਿਲੋਂ ਆਪਣੇ ਪਰਿਵਾਰ ਸਮੇਤ ਕੈਨੇਡਾ ਗਏ ਸਨ।

ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਲਗਪਗ ਫੈਸਲਾ

ਨਵੀਂ ਦਿਲੀ — ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਗੱਲ ਦਾ ਐਲਾਨ ਭਾਵੇਂ ਅਜੇ ਨਹੀਂ ਕੀਤਾ ਪਰ ਅੰਦਰਖਾਤੇ ਫੈਸਲਾ ਕਰ ਲਿਆ ਹੈ, ਕਿ ਚੰਡੀਗੜ੍ਹ ਪੰਜਾਬ ਨੂੰ ਦੇ ਦਿਤਾ ਜਾਵੇ, ਆਲ ਇੰਡੀਆ ਗੁਰਦਵਾਰਾ ਐਕਟ ਬਣਾ ਦਿਤਾ ਜਾਵੇ ਅਤੇ ਅੰਮ੍ਰਿਤਸਰ ਨੂੰ ਪਵਿਤਰ ਨਗਰੀ ਕਰਾਰ ਦੇ ਦਿਤਾ ਜਾਵੇ।

ਅੰਦਰਗਤੀ ਇਸ ਫੈਸਲੇ ਨਾਲ ਹਰਿਆਣੇ ਦੇ ਸਾਰੇ ਲੀਡਰਾਂ ਨੇ ਹਾਲ ਪਾਹਰਿਆ ਸ਼ੁਰੂ ਕਰ ਦਿਤੀ ਹੈ ਅਤੇ ਬਿਆਨਬਾਜ਼ੀ 'ਤੇ ਜ਼ੋਰ ਦੇ ਰੱਖਿਆ ਹੈ

ਚੌ. ਦੇਵੀ ਲਾਲ ਜਿਹਨਾ ਨੂੰ ਅਕਾਲੀ ਨੇਤਾ ਸ ਬਾਦਲ ਦੇ ਨੇੜੇ ਸਮਝਿਆ ਜਾਂਦਾ ਹੈ, ਨੇ ਕਿਹਾ —

"ਚੰਡੀਗੜ੍ਹ ਪੰਜਾਬ ਨੂੰ ਦਿਤਾ ਗਿਆ, ਤਾਂ ਸਾਰਾ ਹਰਿਆਣਾ ਉਠ ਖੜਾ ਹੋਵੇਗਾ, ਹਿੰਦੀ ਬੋਲਦੇ ਸਾਰੇ ਇਲਾਕਿਆਂ ਦੀ ਮੰਗ ਕੀਤੀ।

"ਲੀਡਰ ਹੁਣ ਸਿਰਾਂ ਦੀ ਖੈਰ ਮੰਗਣ" ਕੰਧਾਂ ਤੇ ਪੋਸਟਰ ਲੱਗ ਗਏ

ਅੰਮ੍ਰਿਤਸਰ — ਸ਼ਹਿਰ ਦੀਆਂ ਕੰਧਾਂ ਉਤੇ ਵਡੇ ਵਡੇ ਪੋਸਟਰ ਚਿਪਕਾਏ ਗਏ ਹਨ, ਜਿਹਨਾਂ ਉਤੇ ਲਿਖਿਆ ਹੋਇਆ ਹੈ, ਕਿ ਅਕਾਲੀ ਲੀਡਰਾਂ ਨੇ ਜੇ ਅਨੰਦ ਪੁਰ ਦੇ ਮਤੇ ਤੋਂ ਘਟ ਕਿਸੇ ਵੀ ਗੱਲ ਉਤੇ ਸਰਕਾਰ ਨਾਲ ਸਮਝੌਤਾ ਕੀਤਾ, ਤਾਂ ਸਿੱਟੇ ਖਤਰਨਾਕ ਨਿਕਲਣਗੇ ਅਤੇ ਅਜੇਹੇ ਲੀਡਰ ਨੂੰ ਆਪਣੇ ਸਿਰ ਦੀ ਖੈਰ ਮੰਗਣੀ ਪਵੇਗੀ।

ਲਿਖਿਆ ਗਿਆ ਹੈ, ਕਿ ਅਜੇਹੇ ਲੀਡਰ ਕੌਮੀ ਗ਼ਦਾਰ ਕਰਾਰ ਦਿਤੇ ਜਾਣਗੇ ਅਤੇ ਇਨਾਂ ਨੂੰ ਕੋਈ ਮੁਆਫੀ ਨਹੀਂ ਦਿਤੀ ਜਾਵੇਗੀ।

ਪੋਸਟਰ ਦਲ ਖਾਲਸਾ ਵਲੋਂ ਪ੍ਰਕਾਸ਼ਤ ਕੀ ਕੀਤਾ ਗਿਆ ਹੈ ਅਤੇ ਹੇਠਾਂ ਕਸ਼ਮੀਰਾ ਸਿੰਘ ਤੇ ਜਸਬੀਰ ਸਿੰਘ ਦੇ ਨਾਂ ਦਿਤੇ ਗਏ ਹਨ।

'ਮੈਨੂੰ ਅਕਾਲੀਆਂ ਤੋਂ ਬਚਾਵੋ'

ਨਵੀਂ ਦਿਲੀ — ਇੰਦਰਾ ਗਾਂਧੀ ਅਕਾਲੀ ਮੋਰਚੇ ਤੋਂ ਕਾਫੀ ਪਰੇਸ਼ਾਨ ਹੋ ਗਈ ਹੈ ਅਤੇ ਸਮਝੌਤੇ ਲਈ ਥਾਂ ਥਾਂ ਦਰ ਖੜਕਾ ਰਹੀ ਹੈ। ਉਸ ਨੇ ਸ. ਸਵਰਨ ਸਿੰਘ ਨੂੰ ਬੁਲਾ ਕੇ ਬੇਨਤੀ ਕੀਤੀ ਹੈ, ਕਿ ਵਿਚੋਲਗਿਰੀ ਕਰਕੇ ਇਸ ਛਿੜੀ ਹੋਈ ਖੱਖਰ ਤੋਂ ਬਚਾਇਆ ਜਾਵੇ।

ਇੰਦਰਾ ਗਾਂਧੀ ਨੇ ਵਿਰੋਧੀ ਲੀਡਰ ਚੰਦਰ ਸ਼ੇਖਰ, ਜਗਜੀਵਨ ਰਾਮ ਅਤੇ ਚੌ ਚਰਨ ਸਿੰਘ ਦੇ ਵੀ ਪੈਰ ਫੜੇ ਹਨ, ਕਿ ਪੰਜਾਬ ਵਿਚ ਅਮਨ ਸਥਾਪਤ ਕਰਨ ਲਈ ਕੋਈ ਰਾਹ ਦੱਸਣ ਅਤੇ ਉਸ ਦੀ ਮਦਦ ਕਰਨ।

ਚੰਦਰ ਸ਼ੇਖਰ ਨੇ ਇੰਦਰਾ ਗਾਂਧੀ ਨਾਲ ਮੁਲਾਕਾਤ ਬਾਦ ਪ੍ਰੈਸ ਨੂੰ ਆਖਿਆ ਕਿ ਸਿੱਖਾਂ ਦੀਆਂ ਧਾਰਮਿਕ ਮੰਗਾਂ ਫੁਰਤ ਮੰਨ ਲੈਣੀਆਂ ਚਾਹੀਦੀਆਂ ਹਨ, ਜਿਹਨਾਂ ਵਿਚ ਚੰਡੀਗੜ੍ਹ ਪੰਜਾਬ ਹਵਾਲੇ ਕਰਨਾ ਅਤੇ ਹਰਿਆਣੇ ਨੂੰ ਮੁਆਵਜ਼ਾ ਦੇ ਦੇਣਾ ਹੈ। ਉਹਨਾਂ ਕਿਹਾ ਕਿ ਪ੍ਰਾਂਤਾਂ ਨੂੰ ਵਧ ਅਧਿਕਾਰ ਦੇਣ ਦਾ ਸਵਾਲ ਬਹੁਤ ਗੁੰਝਲਦਾਰ ਹੈ, ਇਕੱਲੇ ਪੰਜਾਬ ਨੂੰ ਅਜੇਹੇ ਅਧਿਕਾਰ ਨਹੀਂ ਦਿਤੇ ਜਾ ਸਕਦੇ, ਇਹ ਸਾਰੇ ਪ੍ਰਾਂਤਾਂ ਦਾ ਸਵਾਲ ਹੈ। ਇਕ ਕਮਿਸ਼ਨ ਸਥਾਪਤ ਕਰ ਦੇਣਾ ਚਾਹੀਦਾ ਹੈ, ਜੋ ਅਧਿਕਾਰਾਂ ਬਾਰੇ ਵਿਚਾਰ ਕਰੇ

ਚੌ ਚਰਨ ਸਿੰਘ ਨੇ ਇੰਦਰਾ ਗਾਂਧੀ ਨੂੰ ਮਿਲ ਕੇ ਆਖਿਆ ਕਿ ਸਮਝੌਤਾ ਜੋ ਮਰਜ਼ੀ ਕਰੇ ਪਰ ਹਰਿਆਣੇ ਨੂੰ ਨੁਕਸਾਨ ਨਹੀਂ ਹੋਣਾ ਚਾਹੀਦਾ ਅਤੇ ਕੱਢੀ ਜਾ ਰਹੀ ਨਵੀਂ ਨਹਿਰ ਨੂੰ ਵੀ ਬੰਦ ਨਹੀਂ ਕਰਨਾ ਚਾਹੀਦਾ

ਜਗਜੀਵਨ ਰਾਮ ਨੇ ਇੰਦਰਾ ਨੂੰ ਮਿਲਣ ਬਾਦ ਆਖਿਆ ਕਿ ਅਨੰਦ ਪੁਰ ਦੇ ਮਤੇ ਤੋਂ ਹੇਠਾਂ ਹੇਠਾਂ ਸਾਰਾ ਕੁਝ ਮੰਨ ਲੈਣਾ ਚਾਹੀਦਾ ਹੈ

ਅਕਾਲੀ ਕੈਦੀ ਰਿਹਾ ਕਰਨ ਦੇ ਫੈਸਲੇ ਦਾ ਇੰਕਾ ਐਮ. ਪੀਜ਼ ਵਲੋਂ ਸਵਾਗਤ

ਧੂਰੀ, ... (ਸਿੰਗਲਾ)— ਬੀਤੀ ਸ਼ਾਮ ਅਕਾਲੀ ਸਤਿਆਗ੍ਰਹੀਆਂ ਨੇ ਬਠਿੰਡਾ ਅਤੇ ਅੰਬਾਲਾ ਦਰਮਿਆਨ ਰੇਲ ਟਰੈਫਿਕ ਜਾਮ ਕਰ ਦਿਤੀ। ਨਾਭਾ ਨੇੜੇ ਖੁਲ੍ਹੀ ਜੇਲ ਵਿਚ ਰਖੇ ਗਏ ਇਹ ਕੈਦੀ ਨਾਭਾ ਤੇ ਧੂਰੀ ਦਰਮਿਆਨ ਰੇਲ ਲਾਈਨਾਂ ਉਤੇ ਲੇਟ ਗਏ ਅਤੇ ਪੁਲਸ ਨੂੰ ਇਨ੍ਹਾਂ ਨੂੰ ਹਟਾਉਣ ਲਈ ਤਾਕਤ ਦੀ ਵਰਤੋਂ ਕਰਨੀ ਪਈ।

ਅਕਾਲੀ ਵਰਕਰਾਂ ਨੇ ਧੂਰੀ ਤੇ ਸੰਗਰੂਰ ਦਰਮਿਆਨ ਬੱਸ ਟਰੈਫਿਕ ਵੀ ਰੋਕੀ ਰਖੀ। ਕੁਝ ਬੱਸਾਂ ਤੇ ਅਕਾਲੀਆਂ ਨੇ ਕਬਜ਼ਾ ਕੀਤਾ ਹੋਇਆ ਹੈ ਅਤੇ ਉਹ ਉਨ੍ਹਾਂ ਨੂੰ ਛੱਡ ਨਹੀਂ ਰਹੇ।

ਪੰਜਾਬ ਤੋਂ ਸੰਸਦ ਦੇ ਪੰਜ ਮੈਂਬਰਾਂ ਨੇ ਅਕਾਲੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰਧਾਨ ਮੰਤਰੀ ਵਲੋਂ ਅਕਾਲੀ ਸਤਿਆਗ੍ਰਹੀਆਂ ਨੂੰ ਰਿਹਾ ਕਰਨ ਦੀ ਪੰਜਾਬ ਸਰਕਾਰ ਨੂੰ ਦਿਤੀ ਗਈ ਸਲਾਹ ਦਾ ਭਰਵਾਂ ਹੁੰਗਾਰਾ ਦੇਣਾ। ਅੱਜ ਇਥੇ ਜਾਰੀ ਇਕ ਅਪੀਲ 'ਚ ਸ੍ਰੀ ਐਚ. ਐਸ. ਹੰਸਪਾਲ, ਸ੍ਰੀ ਸੁੰਦਰ ਸਿੰਘ, ਸ੍ਰੀ ਹਾਕਮ ਸਿੰਘ, ਸ੍ਰੀਮਤੀ ਸੁਖਬੰਸ ਕੌਰ, ਸ: ਅਮਰਿੰਦਰ ਸਿੰਘ ਅਤੇ ਸ੍ਰੀਮਤੀ ਅਮਰਜੀਤ ਕੌਰ ਨੇ ਕਿਹਾ ਹੈ ਕਿ ਦੇਸ਼ ਅਤੇ ਸਿੱਖਾਂ ਦੇ ਹਿਤਾਂ ਲਈ ਅਜਿਹਾ ਕਰਨਾ ਜ਼ਰੂਰੀ ਹੈ। ਇਨ੍ਹਾਂ ਨੇਤਾਵਾਂ ਨੇ ਪ੍ਰਧਾਨ ਮੰਤਰੀ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ।

ਕਾਂਗਰਸ ਐਸ. ਦੇ ਸ੍ਰੀ ਏ. ਜੀ. ਕੁਲਕਰਨੀ ਨੇ ਵੀ ਅਕਾਲੀ ਕੈਦੀ ਰਿਹਾ ਕਰਨ ਦੇ ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ ਹੈ।

ਸ੍ਰੀ ਕੁਲਕਰਨੀ ਨੇ ਸੰਤ ਲੌਂਗੋਵਾਲ ਨੂੰ ਅਪੀਲ ਕੀਤੀ ਹੈ ਕਿ ਉਹ ਅਕਾਲੀਆਂ ਨੂੰ ਜੇਹਲਾਂ ਵਿਚ ਹੀ ਰਹਿਣ ਦੀ ਹਦਾਇਤ ਨਾ ਦੇਣ।

ਮਾਸਟਰ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਰਛਪਾਲ ਸਿੰਘ ਨੇ ਵੀ ਅਕਾਲੀਆਂ ਨੂੰ ਰਿਹਾ ਕੀਤੇ ਜਾਣ ਦੇ ਪ੍ਰਧਾਨ ਮੰਤਰੀ ਦੇ ਐਲਾਨ ਦਾ ਸਵਾਗਤ ਕੀਤਾ ਹੈ। ਅੱਜ ਇਥੇ ਜਾਰੀ ਇਕ ਐਲਾਨ ਵਿਚ ਜਥੇਦਾਰ ਰਛਪਾਲ ਸਿੰਘ ਨੇ ਆਸ ਪ੍ਰਗਟ ਕੀਤੀ ਕਿ ਇਸ ਹੁਕਮ ਨਾਲ ਰਾਜ ਵਿਚ ਸ਼ਾਂਤੀਪੂਰਣ ਮਾਹੌਲ ਕਾਇਮ ਕਰਨ ਵਿਚ ਮੱਦਦ ਮਿਲੇਗੀ।

ਡੇਅਰੀ ਵਿਕਾਸ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਜਗਦੇਵ ਸਿੰਘ ਜਸੋਵਾਲ ਨੇ ਵੀ ਅਕਾਲੀ ਕੈਦੀਆਂ ਨੂੰ ਰਿਹਾ ਕਰਨ ਦੇ ਪ੍ਰਧਾਨ ਮੰਤਰੀ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ।

ਚੋਰ ਜਥਿਆਂ ਨੇ ਗ੍ਰਿਫਤਾਰੀ ਦਿਤੀ। ਸਿਟੀ ਕੋਤਵਾਲੀ ਵਿਚ ਬੀ. ਐਸ. ਐਫ. ਅਤੇ ਪੁਲਸ ਵੱਡੀ ਮਾਤਰਾ 'ਚ ਤਾਇਨਾਤ ਕਰ ਦਿਤੀ ਗਈ ਹੈ।

ਕਾਂਗਰਸ ਕਮੇਟੀ (ਐਸ) ਪੰਜਾਬ ਦੇ ਜਨਰਲ ਸਕੱਤਰ ਡਾ: ਰਾਮ ਲਾਲ ਜੱਸੀ ਨੇ ਕਿਹਾ ਹੈ ਕਿ ਸਮੂਹਕ ਤੌਰ ਤੇ ਅਕਾਲੀਆਂ ਨੂੰ ਛੱਡਣ ਦਾ ਐਲਾਨ ਇਸ ਗੱਲ ਦਾ ਪ੍ਰਤੀਕ ਹੈ ਕਿ ਸਰਕਾਰ ਵਿਚ ਕਾਫੀ ਘਬਰਾਹਟ ਤੇ ਬੇਚੈਨੀ ਫੈਲ ਗਈ ਹੈ। ਉਹਨਾਂ ਕਿਹਾ ਕਿ ਇਸ ਤਰ੍ਹਾਂ ਕਰਨ ਨਾਲ ਮਸਲਾ ਹੱਲ ਨਹੀਂ ਹੋਵੇਗਾ।

ਕੁਤਬ ਨਵੰਬਰ ਵਿਚ ਖੁਲ੍ਹੇਗੀ

ਨਵੀਂ ਦਿਲੀ, (ਹਿ. ਸ.)—11 ਮਹੀਨੇ ਦੇ ਵਕਫੇ ਦੇ ਬਾਦ ਕੁਤਬ ਮੀਨਾਰ ਨਵੰਬਰ ਦੇ ਦੂਜੇ ਹਫਤੇ ਵਿਚ ਦਰਸ਼ਕਾਂ ਲਈ ਮੁੜ ਖੋਹਲੇ ਜਾਣ ਦੀ ਸੰਭਾਵਨਾ ਹੈ।

ਲੌਂਗੋਵਾਲ, ਤਲਵੰਡੀ, ਭਿੰਡਰਾਂ 'ਚ ਮੀਟਿੰਗ

ਅੰਮ੍ਰਿਤਸਰ, (ਪੀ.ਟੀ. ਆਈ.)—ਅੱਜ ਇਥੇ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਜ. ਜਗਦੇਵ ਸਿੰਘ ਤਲਵੰਡੀ ਵਿਚਕਾਰ ਬੰਦ ਕਮਰੇ ਵਿਚ 90 ਮਿੰਟ ਮੀਟਿੰਗ ਹੋਈ ਜਿਸ ਵਿਚ ਅਕਾਲੀ ਸਤਿਆਗ੍ਰਹੀਆਂ ਦੀ ਰਿਹਾਈ ਦੇ ਹੁਕਮ ਨਾਲ ਪੈਦਾ ਹੋਈ ਨਵੀਂ ਸਥਿਤੀ ਤੇ ਵਿਚਾਰ ਕੀਤਾ ਗਿਆ।

ਇਸ ਤੋਂ ਪਹਿਲਾਂ ਸੰਤ ਲੌਂਗੋਵਾਲ ਨੇ ਲੁਧਿਆਣਾ ਤੇ ਫਿਰੋਜ਼ਪੁਰ ਜੇਲਾਂ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਜ. ਟੌਹੜਾ ਕੋਲ ਆਪਣੇ ਦੂਤ ਭੇਜ ਕੇ ਉਨ੍ਹਾਂ ਦੀ ਰਾਇ ਪ੍ਰਾਪਤ ਕੀਤੀ।

ਇਸੇ ਦੌਰਾਨ ਵਖ ਵਖ ਜਥਿਆਂ ਦੇ ਰੂਪ ਵਿਚ ਅੱਜ ਇਥੇ 300 ਅਕਾਲੀਆਂ ਨੇ ਗ੍ਰਿਫਤਾਰੀ ਦਿੱਤੀ।

ਇਹ ਵੀ ਪਤਾ ਲਗਾ ਹੈ ਕਿ ਮੀਟਿੰਗ ਪਿਛੋਂ ਉਨ੍ਹਾਂ ਨੇ ਇਹ ਹਦਾਇਤ ਜਾਰੀ ਕੀਤੀ ਕਿ ਗ੍ਰਿਫਤਾਰ ਨਾ ਕੀਤੇ ਜਾਣ ਤੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਤੇ ਘਰਾਂ ਦਾ ਘੇਰਾਓ ਕੀਤਾ ਜਾਵੇ।

ਮਾਲਵਾ ਦਿਹਾਤੀ ਮਜ਼ਦੂਰ ਸਮਾਰੋਹ ਦਾ ਆਯੋਜਨ

ਦੋਰਾਹਾ, ਅਕਤੂਬਰ —ਇਥੋਂ 3 ਕਿਲੋਮੀਟਰ ਦੂਰ ਪਿੰਡ ਗੁਰਦਿੱਤਪੁਰਾ ਵਿਖੇ ਹੋਈ ਮਾਲਵਾ ਦਿਹਾਤੀ ਮਜ਼ਦੂਰ ਕਨਵੈਨਸ਼ਨ ਵਿਚ ਸੈਂਕੜੇ ਡੈਲੀਗੇਟਾਂ ਨੇ ਭਾਗ ਲਿਆ।

ਕਨਵੈਨਸ਼ਨ ਵਿਚ ਸਰਵ ਸੰਮਤੀ ਨਾਲ ਪਾਸ ਕੀਤੇ ਮਤਿਆਂ ਵਿਚ ਬੇਜ਼ਮੀਨਿਆਂ ਨੂੰ ਜ਼ਮੀਨ, ਵਿਆਜ ਰਹਿਤ ਕਰਜ਼ੇ, ਵਾਜਬ ਦਿਹਾੜੀ, ਪਲਾਟ, ਸਸਤੇ ਰਾਸ਼ਨ ਤੇ ਹੋਰ ਜ਼ਰੂਰੀ ਵਸਤਾਂ ਦੀ ਯੋਗ ਸਪਲਾਈ, ਡਾਕਟਰੀ ਸਹੂਲਤਾਂ ਆਦਿ ਮੁਹੱਈਆ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਫਿਰਕੂ ਤਾਕਤਾਂ ਵਿਰੁਧ ਸਖਤ ਕਾਰਵਾਈ ਦੀ ਵੀ ਮੰਗ ਕੀਤੀ।

ਕਨਵੈਨਸ਼ਨ ਉਪਰੰਤ ਹੋਈ ਖੁਲ੍ਹੀ ਕਾਨਫਰੰਸ ਨੂੰ ਸ਼ਹੀਦ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ, ਦਿਹਾਤੀ ਮਜ਼ਦੂਰ ਯੂਨੀਅਨ ਦੇ ਰਿਜਨ ਸਕੱਤਰ ਨਿਰਮਲ 'ਕੰਗਣਵਾਲ' ਪੰਜਾਬ ਕਿਸਾਨ ਯੂਨੀਅਨ ਜ਼ਿਲਾ ਲੁਧਿਆਣਾ ਦੇ ਕਨਵੀਨਰ ਹਰਿੰਦਰ ਲੱਪੋਂ, ਐਫ. ਸੀ. ਆਈ. ਵਰਕਰਜ਼ ਯੂਨੀਅਨ ਪੰਜਾਬ ਦੇ ਉਪ ਪ੍ਰਧਾਨ ਫਕੀਰ ਮੁਹੰਮਦ, ਇਸਤਰੀ ਸਭਾ ਦੇ ਆਗੂ ਭੈਣ ਸੁਮਨ ਨੇ ਸੰਬੋਧਨ ਕੀਤਾ।

ਪਿੰਡਾਂ ਦੀਆਂ ਗਲੀਆਂ ਵਿਚ ਜ਼ੋਰਦਾਰ ਮੁਜ਼ਾਹਰਾ ਵੀ ਕੀਤਾ ਗਿਆ।

ਜ: ਜਸਵੰਤ ਸਿੰਘ ਦਿੱਲੀ ਅਕਾਲੀ ਦਲ (ਮ) ਦੇ ਪ੍ਰਧਾਨ ਚੁਣੇ ਗਏ

4 ਪਿਛੋਂ ਮੋਰਚਾ ਜ਼ਿੰਦਗੀ ਜਾਂ ਮੌਤ ਦੇ ਵਕਾਰ ਤੇ ਚਲੇਗਾ-ਲੌਂਗੋਵਾਲ

ਅੰਮ੍ਰਿਤਸਰ, (ਟ.ਟ.) ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਕਹਿਣਾ ਹੈ ਕਿ ਜੇ 4 ਨਵੰਬਰ ਤਕ ਕੇਂਦਰ ਨੇ ਮੰਗਾਂ ਨਾ ਮੰਨੀਆਂ ਤਾਂ ਅਕਾਲੀ ਮੋਰਚਾ ਚਲਾਇਆ ਜਾਵੇਗਾ। ਇਹ ਪੁਛੇ ਜਾਣ ਤੇ ਕੀ ਇਹ ... [illegible] ... 15 ਦਿਨ ਦਾ ... [illegible] ... ਸੰਤ ਜੀ ਨੇ ਕਿਹਾ ਕਿ ਇਹ ਐਲਾਨ ਤਾਂ ਉਹ 4 ਨਵੰਬਰ ਨੂੰ ਹੀ ਕਰਨਗੇ ਪਰ ਆਪਣੇ ਸਾਥੀਆਂ ਨੂੰ ਕਹਿ ਦਿਤਾ ਹੈ ਕਿ "ਕਰੋ ਜਾਂ ਮਰੋ" ਦੀ ਨੀਤੀ ਉਪਰ ਚਲਣ ਲਈ ਤਿਆਰ ਰਹੋ ਅਤੇ ਅਕਾਲੀਆਂ ਦਾ ਨਾਅਰਾ ਹੁਣ ਮੌਤ ਜਾਂ ਜ਼ਿੰਦਗੀ ਹੋਵੇਗਾ। ਚਾਰ ਨਵੰਬਰ ਨੂੰ ਮੋਰਚੇ ਦੇ ਤਿੰਨ ਮਹੀਨੇ ਪੂਰੇ ਹੋ ਜਾਣਗੇ।

ਸਿਖ ਸਟੂਡੈਂਟ ਫੈਡ: ਵਲੋਂ ਹੜਤਾਲ ਦਾ ਸੱਦਾ

ਅੰਮ੍ਰਿਤਸਰ, —— ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੀ ਸਟੈਂਡਿੰਗ ਕਮੇਟੀ ਨੇ ਫੈਸਲਾ ਕੀਤਾ ਹੈ ਕਿ 4 ਅਤੇ 5 ਨਵੰਬਰ ਨੂੰ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ 'ਚ ਮੁਕੰਮਲ ਹੜਤਾਲ ਕੀਤੀ ਜਾਵੇਗੀ। ਇਹ ਐਲਾਨ ਜਾਰੀ ਕਰਦਿਆਂ ਫੈਡਰੇਸ਼ਨ ਦੇ ਜਨਰਲ ਸਕਤਰ ਸਰਦਾਰ ਹਰਮਿੰਦਰ ਸਿੰਘ ਸੰਧੂ ਨੇ ਦਸਿਆ ਕਿ ਕਿ ਹੜਤਾਲ ਦਾ ਇਹ ਸਦਾ ਸਿਖ ਮਾਮਲਿਆਂ ਪ੍ਰਤੀ ਅਣਗਹਿਲੀ ਭਰੇ ਰਵਈਏ ਅਤੇ ਸਿਖਾਂ ਤੇ ਪੁਲੀਸ ਜਬਰ ਵਿਰੁਧ ਰੋਸ ਪ੍ਰਗਟ ਕਰਨ ਲਈ ਕੀਤਾ ਗਿਆ ਹੈ। 4 ਨਵੰਬਰ ਨੂੰ ਅੰਮ੍ਰਿਤਸਰ ਦੇ ਕਾਲਜਾਂ ਵਿਚ ਮੁਕੰਮਲ ਹੜਤਾਲ ਕੀਤੀ ਜਾਵੇਗੀ, ਤਾਂ ਜੋ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਐਲਾਨ ਕੀਤੇ ਜਾਣ ਵਾਲੇ ਅਗਲੇ ਪ੍ਰੋਗਰਾਮ ਵਿਚ ਸ਼ਾਮਲ ਹੋਇਆ ਜਾਵੇ ਅਤੇ 5 ਨੂੰ ਰਾਜ ਦੇ ਦੂਜੇ ਸ਼ਹਿਰਾਂ ਵਿਚ ਵਿਦਿਆਰਥੀ ਹੜਤਾਲ ਕਰਨਗੇ।

ਸੰਪਾਦਕੀ:

ਆਖਰ 'ਕੈਨੇਡਾ ਦਰਪਣ' ਦੀ ਲੋੜ ਕਿਉਂ?

'ਕੈਨੇਡਾ ਦਰਪਣ' ਤੁਹਾਡੇ ਸਾਹਮਣੇ ਹੈ। ਸਭ ਤੋਂ ਪਹਿਲਾਂ ਸਵਾਲ 'ਕੈਨੇਡਾ ਦਰਪਣ' ਨੂੰ ਦੇਖਦਿਆਂ ਤੁਹਾਡੇ ਮਨ ਵਿੱਚ ਜ਼ਰੂਰ ਉਭਰੇਗਾ ਕਿ ਆਖਰ ਇਸ ਦੀ ਲੋੜ ਕੀ ਸੀ? ਜਦ ਵੈਨਕੂਵਰ ਦੀ ਮਾਰਕਿਟ ਵਿਚ ਅੱਗੇ ਹੀ ਸਪਤਾਹਿਕ ਅਖਬਾਰ, ਪੰਦਰਾ ਰੋਜ਼ਾ ਅਖਬਾਰ, ਮਾਸਕ ਅਖਬਾਰ ਮੌਜੂਦ ਹਨ, ਜੋ ਕਾਫੀ ਅਰਸੇ ਤੋਂ ਚਲ ਰਹੇ ਹਨ। ਅੱਜ ਕਲ੍ਹ ਦੇ ਬੇਰੁਜ਼ਗਾਰੀ ਦੇ ਜ਼ਮਾਨੇ ਵਿਚ ਤੇ ਸੰਸਾਰ ਪੱਧਰ ਤੇ ਫੈਲੀ Recession ਕਾਰਨ ਇਨ੍ਹਾਂ ਅਖਬਾਰਾਂ ਨੂੰ ਚਲਦੇ ਰੱਖਣਾ ਇੱਕ ਹਿੰਮਤ ਦਾ ਕੰਮ ਹੈ। ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਸ਼ਾਇਦ ਇਹ ਸਫਲ ਰੋਲ ਅਦਾ ਕਰ ਰਹੇ ਹਨ। ਅਖਬਾਰ ਦੀ ਪਰਖ ਦੇ ਦੋ ਮੁੱਖ ਪਹਿਲੂ ਗਿਣੇ ਗਏ ਹਨ। ਪਹਿਲਾ ਦ੍ਰਿਸ਼ਟੀਕੋਣ ਤੇ ਦੂਜਾ ਦ੍ਰਿਸ਼ਟੀ। ਦ੍ਰਿਸ਼ਟੀਕੋਣ ਅਖਬਾਰ ਦੀ ਪਾਲਿਸੀ ਆਧਾਰਤ ਕਰਦਾ ਹੈ ਤੇ ਦ੍ਰਿਸ਼ਟੀ ਉਸ ਪਾਲਿਸੀ ਦੇ ਪਸਾਰ ਨੂੰ ਨ੍ਰਿਧਾਰਿਤ ਕਰਦੀ ਹੈ। ਕਈ ਅਖਬਾਰਾਂ ਕੋਲ ਦ੍ਰਿਸ਼ਟੀਕੋਣ ਹੁੰਦਾ ਹੈ ਪਰ ਦ੍ਰਿਸ਼ਟੀ ਨਹੀਂ। ਤੇ ਕਈਆਂ ਕੋਲ ਦ੍ਰਿਸ਼ਟੀ ਹੁੰਦੀ ਹੈ ਪਰ ਦ੍ਰਿਸ਼ਟੀਕੋਨ ਕੋਈ ਨਹੀਂ ਹੁੰਦਾ। ਇਸ ਲਈ ਇਨ੍ਹਾਂ ਦੀ ਆਪਣੀ ਆਪਣੀ ਸੀਮਾ ਬਣ ਜਾਂਦੀ ਹੈ। ਤੇ ਕਈ ਅਖਬਾਰ ਅਜਿਹੇ ਵੀ ਸਾਹਮੇਂ ਆਉਂਦੇ ਹਨ ਜਿਨ੍ਹਾਂ ਕੋਲ ਨਾ ਦ੍ਰਿਸ਼ਟੀ ਹੁੰਦੀ ਹੈ ਤੇ ਨਾ ਦ੍ਰਿਸ਼ਟੀਕੋਣ।

ਅਖਬਾਰ, ਅਜਿਹਾ ਮਾਧਿਅਮ ਜਾਂ ਵਸੀਲਾ ਹਨ ਜਿਨ੍ਹਾਂ ਰਾਹੀਂ ਮਨੁੱਖ ਦੀਆਂ ਮਾਨਸਿਕ, ਰਾਜਨੀਤਕ, ਆਰਥਕ, ਸਾਹਿਤਕ, ਸਮਾਜਕ ਤੇ ਸਭਿਆਚਾਰਕ ਲੋੜਾਂ ਸਬੰਧਤ ਹਨ। ਧਰਮ ਇਕ ਸਮਾਜਕ ਕਰਮ ਹੈ, ਇਸ ਲਈ ਇਹ ਸਮਾਜਕ ਪਹਿਲੂ ਵਿੱਚ ਹੀ ਸਮੋਇਆ ਜਾ ਸਕਦਾ ਹੈ। ਅਖਬਾਰ ਬਹੁਤੀ ਵਾਰ ਇਨ੍ਹਾਂ ਉਪ੍ਰੋਕਤ ਪਹਿਲੂਆਂ ਨੂੰ ਸਮੁੱਚੇ ਰੂਪ ਵਿਚ ਪੇਸ਼ ਕਰਨ ਦੀ ਥਾਂ ਅਕਸਰ ਇਹ ਟਪਲਾ ਖਾ ਜਾਂਦੇ ਹਨ ਤੇ ਉਨਾਂ ਦੇ ਵੱਖ ਵੱਖ ਪ੍ਰਭਾਵ ਬਣ ਜਾਂਦੇ ਹਨ। ਕਈ ਅਖਬਾਰ ਕੇਵਲ ਮਜ਼ਬੀ ਪਹਿਲੂ ਨੂੰ ਉਭਾਰਕੇ - ਇਸ ਨੂੰ ਸਮਾਜਕ ਕਰਮ ਨਾਲੋਂ ਨਿਖੇੜ ਕੇ, ਲੋਕਾਂ ਵਿਚ ਕੇਵਲ ਮਜ਼ਬੀ ਰੰਗ ਦਾ ਪ੍ਰਚਾਰ ਕਰਨ ਦਾ ਵਸੀਲਾ ਬਣਦੇ ਹਨ ਤੇ ਉਹ ਰਾਜਨੀਤਕ ਪਹਿਲੂ ਨੂੰ ਵੀ ਮਜ਼ਬੀ ਰੰਗਣ ਦੇ ਦਿੰਦੇ ਹਨ। ਇਸ ਕਾਰਨ ਉਹ ਅਖਬਾਰ ਨੂੰ ਅਜਿਹਾ ਸਾਧਨ ਬਣਾ ਲੈਂਦੇ ਹਨ ਕਿ ਮਜ਼ਬ ਵਿਚ . ਬਾਕੀ ਰੰਗ ਸਮਾ ਜਾਂਦੇ ਹਨ। ਇਹ ਮਨੁੱਖ ਨੂੰ ਸਮੁੱਚੇ ਰੂਪ ਵਿੱਚ ਪੇਸ਼ ਕਰਨ ਦੀ ਥਾਂ, ਕੇਵਲ ਉਸ ਦੇ ਇਕ ਪੱਖ ਨੂੰ ਹੀ ਉਭਾਰ ਕੇ ਪੇਸ਼ ਕਰਨਾ ਆਪਣਾ ਅਕੀਦਾ ਮਿਥ ਲੈਂਦੇ ਹਨ।

ਅਖਬਾਰ ਸਮੁੱਚ ਦਾ ਪ੍ਰਤੀਕ ਹੁੰਦਾ ਹੈ। ਇਹ ਸਮੁੱਚੀ ਸਮਾਜਕ ਸ਼ਖਸੀਅਤ ਦਾ ਸ਼ੀਸ਼ਾ ਬਣਕੇ ਸਾਹਮਣੇ ਆਉਂਦਾ ਹੈ। ਮਨੁੱਖ ਹਮੇਸ਼ਾਂ ਆਪਣੇ ਆਪ ਨੂੰ ਆਪਣੇ ਆਲੇ ਦੁਆਲੇ ਅਨੁਸਾਰ, ਵਾਤਾਵਰਣ ਅਨੁਸਾਰ, ਜਿਸ ਸਮਾਜ ਵਿਚ ਉਹ ਵਿਚਰਦਾ ਹੈ ਉਸ ਸਮਾਜ ਅਨੁਸਾਰ ਚਲਣ ਦੇ ਢਾਲਣ ਦੀ ਕੋਸ਼ਿਸ਼ ਕਰਦਾ ਹੈ। ਇਹ ਅਖਬਾਰ ਦਾ ਕਰਤੱਵ ਹੈ ਕਿ ਉਹ ਮਨੁੱਖੀ ਸ਼ਖਸੀਅਤ ਨੂੰ ਸੀਮਤ ਨਾ ਕਰੇ ਸਗੋਂ ਉਸ ਸ਼ਖਸੀਅਤ ਨੂੰ ਪਲਰਨ, ਵਧਣ ਫੁੱਲਣ ਤੇ ਵਿਗਸਣ ਦੇ ਸਾਧਨ ਮੁਹੱਈਆ ਕਰੇ। ਨਿਖੇਧਾਤਮਕ ਆਲੋਚਨਾ ਕਰਕੇ ਮਨੁੱਖੀ ਸ਼ਖਸੀਅਤ ਨੂੰ ਬੌਨੀ ਕਰਨ ਦੀ ਥਾਂ ਸਿਹਤਮੰਦ ਸੁਝਾਅ ਦੇਕੇ ਉਸ ਨੂੰ ਵਿਗਸਣ ਦੀ ਹਿੰਮਤ ਦੇਵੇ।

ਮਨੁੱਖੀ ਸ਼ਖਸੀਅਤ ਨੂੰ ਉਭਾਰਨ ਵਿਚ ਅਖਬਾਰਾਂ ਦਾ ਸਦਾ ਅਹਿਮ ਰੋਲ ਰਿਹਾ ਹੈ। ਇਹ ਮਨੁੱਖ ਦੀਆਂ ਸ਼ਕਤੀਆਂ — ਦਲੇਰੀ ਦੀ ਭਾਵਨਾ, ਕਲਪਨਾ, ਵਿਅਕਤੀਗਤ ਸੀਮਾਵਾਂ ਤੋਂ ਉੱਪਰ ਉੱਠਣ, ਸ੍ਵੈ-ਭਰੋਸਾ, ਆਦਿ ਪੈਦਾ ਕਰਨ ਵਿਚ ਸਹਾਈ ਹੁੰਦੀਆਂ ਆਈਆਂ ਹਨ।

ਅਸੀਂ 'ਕੈਨੇਡਾ ਦਰਪਣ' ਨੂੰ ਅਜਿਹੇ ਰੂਪ ਵਿਚ ਚਿਤਵਿਆ ਹੈ ਜੋ ਰੰਗ, ਨਸਲ, ਮਜ਼ਬ ਤੋਂ ਉੱਪਰ ਉੱਠਕੇ ਸਮੁੱਚੀ ਮਨੁੱਖੀ ਸ਼ਖਸੀਅਤ ਦਾ ਪ੍ਰਗਟਾਵਾ ਬਣ ਸਕੇ। ਮਨੁੱਖ, ਮਨੁੱਖ ਹੈ ਤੇ ਇਹ ਮਨੁੱਖਤਾ ਹੀ ਮਨੁੱਖ ਦਾ ਅਸਲੀ ਖਾਸਾ ਹੈ। ਜੋ ਮਨੁੱਖੀ ਸ਼ਖਸੀਅਤ ਦਾ ਸ਼ੀਸ਼ਾ ਨਹੀਂ ਬਣ ਸਕਦਾ, ਉਸ ਨੂੰ ਅਖਬਾਰ ਕਹਿਣਾ ਗਲਤ ਹੋਵੇਗਾ।

ਸੰਪਾਦਕੀ ਟਿਪਣੀ:—


ਅਕਾਲੀ ਮੋਰਚੇ ਦਾ ਇਕ ਪਹਿਲੂ: ਰਾਜਾਂ ਲਈ ਵੱਧ ਅਧੀਕਾਰ

ਅਕਾਲੀ ਮੋਰਚਾ ਪੰਜਾਬ ਵਿਚ ਹੀ ਨਹੀਂ, ਸੰਸਾਰ ਵਿਚ ਵਸਦੇ ਪੰਜਾਬੀਆਂ ਲਈ ਚਿੰਤਾ ਦਾ ਕਾਰਨ ਬਣਿਆ ਹੈ। ਜਿਨ੍ਹਾਂ ਮੰਗਾਂ ਦੇ ਆਧਾਰ ਤੇ ਇਹ ਮੋਰਚਾ ਲਾਇਆ ਗਿਆ ਹੈ — ਉਨ੍ਹਾਂ ਵਿਚੋਂ ਮੁੱਖ ਰਾਜਾਂ ਨੂੰ ਵੱਧ ਅਧੀਕਾਰ ਦਾ ਮਸਲਾ ਹੈ। ਅਕਾਲੀ ਪਾਰਟੀ ਜਾਂ ਸ਼੍ਰੋਮਣੀ ਅਕਾਲੀ ਦਲ ਰਾਜਸੀ ਪਾਰਟੀ ਹੈ ਤੇ ਰਾਜਸੀ ਪਾਰਟੀ ਦੇ ਤੌਰ ਤੇ ਉਸ ਨੂੰ ਹੱਕ ਹਾਸਲ ਹੈ ਕਿ ਉਹ ਰਾਜਨੀਤਕ ਮੰਗਾਂ ਲਈ ਸਿਆਸੀ ਘੋਲ ਦੇ ਰਾਹ ਤੇ ਚੱਲੇ। ਇਹ ਹਰ ਸਿਆਸੀ ਪਾਰਟੀ ਦਾ ਸਿਆਸੀ ਹੱਕ ਹੈ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਸੁਬਾਈ ਪਾਰਟੀ ਹੈ — ਡੀ.ਐਮ.ਕੇ. ਤੇ ਹੋਰ ਰੀਜਨਲ ਪਾਰਟੀਆਂ ਵਾਂਗ ਇਸ ਦਾ ਅਸਰ ਰਸੂਖ ਵੀ ਸੀਮਤ ਦਾਇਰੇ ਤੇ ਕਾਇਮ ਹੈ। ਸ਼੍ਰੋਮਣੀ ਅਕਾਲੀ ਦਲ ਵਰਗੀ ਸੂਬਾਈ ਪਾਰਟੀ ਲਈ ਦੂਜੀਆਂ ਭਾਰਤ ਪੱਧਰ ਦੀਆਂ ਸਿਆਸੀ ਪਾਰਟੀਆਂ ਨਾਲ ਤਾਲਮੇਲ ਹੀ ਅਜਿਹੀ ਮੰਗ ਨੂੰ ਜ਼ੋਰਦਾਰ ਰੂਪ ਦੇਣ ਵਿਚ ਸਮੱਰਥ ਹੋ ਸਕਦਾ ਹੈ। ਭਾਰਤ ਦੇ ਬਾਕੀ ਸੂਬਿਆਂ ਤੇ ਇਸ ਮੰਗ ਦਾ ਕਿੰਨਾ ਕੁ ਪ੍ਰਭਾਵ ਪੈ ਸਕਦਾ ਹੈ, ਉਹ ਬਹੁਤਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਅਕਾਲੀ ਪਾਰਟੀ ਦੀ ਪੰਜਾਬ ਵਿਚ ਕਿੰਨੀ ਕੁ ਸਮਰਥਾ ਹੈ — ਕੀ ਅਕਾਲੀ ਪਾਰਟੀ ਇਸ ਮੰਗ ਨੂੰ ਮਜ਼ਬ ਨਾਲ ਨੱਥੀ ਕਰਕੇ ਬਾਕੀ ਪੰਜਾਬੀਆਂ ਦਾ ਸਹਿਯੋਗ ਹਾਸਲ ਕਰਨ ਦੇ ਯੋਗ ਹੋ ਸਕੇਗੀ? ਇਹ ਮਸਲਾ ਅਕਾਲੀ ਪਾਰਟੀ ਦੇ ਵਿਚਾਰਨ ਦਾ ਹੈ। 'ਅਨੰਦਪੁਰ ਦੇ ਮਤੇ' ਬਾਰੇ ਦਿੱਤੀ ਸਪਸ਼ਟਤਾ ਕੀ ਸਮੁੱਚੇ ਪੰਜਾਬੀਆਂ ਨੂੰ ਕਾਇਲ ਕਰਨ ਦੀ ਸਮਰਥਾ ਰੱਖਦੀ ਹੈ? ਜੇ ਪਾਰਟੀ ਪੰਜਾਬੀਆਂ ਨੂੰ ਕਾਇਲ ਕਰਨ ਦੀ ਸਮਰਥਾ ਨਹੀਂ ਰੱਖਦੀ, ਪਾਰਲੀਮੈਂਟ ਮੈਂਬਰ ਕਾਇਲ ਕਰਨ ਦੀ ਸਮਰਥਾ ਨਹੀਂ ਰਖਦੀ ਤਾਂ ਕੀ ਪਾਰਲੀਮੈਂਟ ਵਿਚ ਅਕਾਲੀ ਪਾਰਟੀ ਦਾ ਇੱਕੋ ਇਕ ਪ੍ਰਤੀਨਿਧ ਲਹਿਣਾ ਸਿੰਘ ਤੁੜ ਬਾਕੀ ਦੇ ਪਾਰਲੀਮੈਂਟ ਮੈਂਬਰਾਂ ਨੂੰ ਕਾਇਲ ਕਰਨ ਦੇ ਯੋਗ ਹੋ ਸਕੇਗਾ? ਇਸ ਮਸਲੇ ਦਾ ਹੱਲ ਜਜ਼ਬਾਤੀ ਪੱਧਰ ਤੇ ਹੋਣਾ ਨਾਮੁਮਕਿਨ ਹੈ। ਇਸ ਲਈ ਅਕਾਲੀ ਪਾਰਟੀ ਦੀ ਇਹ ਮੰਗ ਤਾਂ ਹੀ ਸਾਰਥਕ ਹੋ ਸਕਦੀ ਹੈ ਜੇਕਰ ਉਹ ਦੂਜੀਆਂ ਸੂਬਾਈ ਤੇ ਭਾਰਤੀ-ਪੱਧਰ ਦੀਆਂ ਰਾਜਨੀਤਕ ਪਾਰਟੀਆਂ ਦਾ ਸਹਿਯੋਗ ਹਾਸਲ ਕਰ ਸਕੇ।

VANCOUVER
CANADA

OFFICE OF THE MAYOR

MICHAEL F. HARCOURT
MAYOR



GREETINGS

On behalf of the citizens of Vancouver, and our City Council, it gives me great pleasure to send special greetings to "CANADA DARPAN" on the occasion of your first publication on November 1st, 1982.

The Punjabi Community in Vancouver and across Canada have contributed greatly to cultural life in this country, and I am sure Canada Darpan will do its utmost to promote responsible journalism.

I wish you the very best of luck and look forward to a long future for your publication, Canada Darpan.

Michael Harcourt,
MAYOR OF VANCOUVER.

ਪੰਜਾਬੀ ਸਾਹਿਤ ਅਕਾਡਮੀ ਵਲੋਂ ਤਿੰਨ ਸਾਹਿਤਕਾਰਾਂ ਨੂੰ ਪੁਰਸਕਾਰ

ਚੰਡੀਗੜ੍ਹ:— ਪੰਜਾਬ ਸਾਹਿਤ ਅਕਾਡਮੀ ਵਲੋਂ ਪੰਜਾਬੀ ਸਾਹਿਤ ਨੂੰ ਵਿਸ਼ੇਸ਼ ਦੇਣ ਲਈ ਤਿੰਨ ਸਾਹਿਤਕਾਰਾਂ — ਗੁਰਚਰਨ ਰਾਮਪੁਰੀ, ਪ੍ਰੇਮ ਪ੍ਰਕਾਸ਼(ਖੰਨਵੀ) ਤੇ ਸੁਰੇਸ਼ ਸੇਠ ਨੂੰ ਸਨਮਾਨਣ ਦਾ ਫੈਸਲਾ ਹੋਇਆ ਹੈ।

ਇਹ ਫੈਸਲਾ ਅਕਾਡਮੀ ਦੀ ਜਨਰਲ ਕੌਂਸਲ ਵਲੋਂ ਲਿਆ ਗਿਆ ਜਿਸ ਦੀ ਪ੍ਰਧਾਨਗੀ ਕਰਤਾਰ ਸਿੰਘ ਦੁੱਗਲ ਵਲੋਂ ਕੀਤੀ ਗਈ। ਕਮੇਟੀ ਨੇ ਸਾਹਿਤ ਸਿਰਜਣਾ ਲਈ ਪੰਜ ਫੈਲੋਸ਼ਿਪਸ ਦੇਣ ਦਾ ਫੈਸਲਾ ਕੀਤਾ ਅਤੇ ਜਨਵਰੀ ਵਿੱਚ ਆਲ ਇੰਡੀਆ ਪੰਜਾਬੀ ਲੇਖਕ ਕਾਨਫ੍ਰੰਸ ਚੰਡੀਗੜ੍ਹ ਵਿੱਚ ਜਨਵਰੀ ਵਿੱਚ ਕਰਨ ਦਾ ਫੈਸਲਾ ਲਿਆ। ਪੂਰਨ ਸਿੰਘ ਫੈਲੋਸ਼ਿਪ ਵਿੱਚ ਸਾਰਾ ਮਸਲਾ ਇਕੱਠਾ ਕਰਨ ਤੇ ਪੰਜਾਬੀ ਬੋਲੀ, ਸਾਹਿਤ ਤੇ ਸੰਸਕ੍ਰਿਤੀ ਬਾਰੇ ਪੁਸਤਕਾਂ ਛਾਪਣ ਦਾ ਫੈਸਲਾ ਵੀ ਕੀਤਾ ਗਿਆ।

ਕਮੇਟੀ ਨੇ ਵਧੀਆ ਪੰਜਾਬੀ ਛਪਾਈ, ਪੰਜਾਬੀ ਪ੍ਰਕਾਸ਼ਨਾਂ ਨੂੰ ਲਾਇਬ੍ਰੇਰੀਆਂ ਤੇ ਵਿਦਿਅਕ ਸੰਸਥਾਵਾਂ ਵਿੱਚ ਵੰਡਣ ਸਬੰਧੀ ਵੀ ਫੈਸਲੇ ਕੀਤੇ।

ਪੰਜਾਬੀ ਮਾਰਕਿਟ ਦੇ ਨਵੇਂ ਅਹੁਦੇਦਾਰਾਂ ਦੀ ਚੋਣ

ਵੈਨਕੂਵਰ:— ਸ. ਦਿਲਜੀਤ ਸਿੰਘ ਸਿਧੂ ਜੋ ਕਿ ਮੌਜੂਦਾ ਪੰਜਾਬੀ ਇੰਡੀਆ ਮਾਰਕੀਟ ਐਸੋਸੀਏਸ਼ਨ ਦੇ ਪੀ ਆਰ ਓ ਹਨ, ਨੇ ਸੂਚਨਾ ਦਿਤੀ ਹੈ ਕਿ 20 ਅਕਤੂਬਰ ਦਿਨ ਬੁਧਵਾਰ ਸ਼ਾਮ ਨੂੰ ਹਿਮਾਲਿਆ ਰੈਸਟੋਰੈਂਟ ਵਿੱਚ ਪੰਜਾਬੀ ਇੰਡੀਆ ਮਾਰਕਿਟ ਐਸੋਸੀਏਸ਼ਨ ਦੀ ਅਗਲੇ ਸਾਲ ਲਈ ਗੁਪਤ ਵੋਟ ਪਰਚੀਆਂ ਰਾਹੀਂ ਚੋਣ ਹੋਈ। ਪੰਜਾਬੀ ਮਾਰਕਿਟ ਦੇ 90 ਪ੍ਰਤੀਸ਼ਤ ਮੈਂਬਰਾਂ ਨੇ ਵੋਟਾਂ ਪਾਉਣ ਵਿੱਚ ਹਿੱਸਾ ਲਿਆ। ਵੋਟਾਂ ਸਾਢੇ ਸੱਤ ਵਜੇ ਤੋਂ ਸਾਢੇ ਅੱਠ ਵਜੇ ਤੱਕ ਪੈਂਦੀਆਂ ਰਹੀਆਂ। ਵੋਟਾਂ ਦੀ ਗਿਣਤੀ ਵੇਲੇ ਹਿਮਾਲਿਆ ਰੈਸਟੋਰੈਂਟ ਨਤੀਜਾ ਸੁਨਣ ਲਈ ਉਡੀਕ ਰਹੇ ਮੈਂਬਰਾਂ ਨਾਲ ਖਚਾ ਖਚ ਭਰਿਆ ਪਿਆ ਸੀ। ਤਕਰੀਬਨ 9 ਵਜੇ ਦੇ ਕਰੀਬ ਵੋਟਾਂ ਦੀ ਗਿਣਤੀ ਖਤਮ ਹੋਈ ਅਤੇ ਨਤੀਜਾ ਇਸ ਪ੍ਰਕਾਰ ਸੀ—



ਪ੍ਰਧਾਨ — ਸੁਚਾ ਸਿੰਘ ਕਲੇਰ (ਸ਼ਾਨ ਸਾੜੀਜ਼)
ਮੀਤ ਪ੍ਰਧਾਨ — ਦਿਦਾਰ ਸਿੰਘ ਲੇਲ (ਈਸੰਟ-ਵੈਟ ਕੁਆਲਟੀ ਵੇਅਰ)
ਸਕੱਤਰ — ਮਹੇਸ਼ ਸਵਾਲੀ (ਗਲੋਬ ਸਪਾਈਸਿਜ਼)
ਖਜ਼ਾਨਚੀ — ਰਣਜੀਤ ਸਿੰਘ ਬੈਂਸ (ਬੈਂਸ ਟੈਕਸ ਸਰਵਿਸਿਜ਼)
ਮੈਂਬਰ — ਨਰੇਸ਼ ਸ਼ੁਕਲਾ (ਬੰਬੇ ਸਵੀਟ) **ਜਗਦੀਸ਼ ਸਹੋਤਾ** (ਫਲਾਇੰਗ ਫੈਸ਼ਨਜ਼) ਕੇਵਲ ਸਿੰਘ ਪਾਬਲਾ ਸਾਬਕਾ ਪ੍ਰਧਾਨ (ਪਾਬਲਾ ਕਲਾਥ ਹਾਊਸ)

ਨਤੀਜਾ ਸੁਨਾਉਣ ਤੋਂ ਬਾਦ ਦਲਜੀਤ ਸਿੰਘ ਸਿੱਧੂ ਨੇ ਸਭ ਚੁਣੇ ਗਏ ਮੈਂਬਰਾਂ ਦੀ ਜਾਣ ਪਛਾਣ ਕਰਵਾਈ। ਸੁੱਚਾ ਸਿੰਘ ਕਲੇਰ ਨੇ ਚੁਣੀ ਗਈ ਕਮੇਟੀ ਵਲੋਂ ਸਭ ਆਏ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਹਰ ਕੰਮ ਵਿਧਾਨ ਮੁਤਾਬਿਕ ਪੰਜਾਬੀ ਮਾਰਕਿਟ, ਸਭ ਗਾਹਕਾਂ ਅਤੇ ਮੈਂਬਰਾਂ ਦੀ ਭਲਾਈ ਲਈ ਕਰਨਗੇ।

ਕੇਵਲ ਸਿੰਘ ਪਾਬਲਾ ਨੇ ਕਿਹਾ ਕਿ ਹਾਰ ਗਏ ਨੁਮਾਂਇੰਦਿਆਂ ਨੂੰ ਸਭ ਗਿਲੇ ਗੁਸੇ ਭੁਲ ਜਾਣਾ ਚਾਹੀਦਾ ਹੈ ਅਤੇ ਨਵੀਂ ਚੁਣੀ ਗਈ ਕਮੇਟੀ ਨੂੰ ਪੂਰੀ ੨ ਮਿਲਵਰਤਣ ਦੇਣੀ ਚਾਹੀਦੀ ਹੈ।

ਅਖੀਰ ਵਿੱਚ ਦਲਜੀਤ ਸਿੰਘ ਸਿੱਧੂ ਨੇ ਸਭ ਦਾ ਧੰਨਵਾਦ ਕੀਤਾ ਅਤੇ ਮਿਲਜੁਲ ਕੇ ਕੰਮ ਕਰਨ ਦੀ ਪ੍ਰੇਰਨਾਂ ਕੀਤੀ।

ਦਿਲਜੀਤ ਸਿੰਘ ਸਿੱਧੂ

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ

ਵੈਨਕੂਵਰ: ਮਿਤੀ 24 ਅਕਤੂਬਰ, 1982 ਨੂੰ ਡੇਵਿਡ ਥਾਮਸਨ ਹਾਇਰ ਸਕੈਂਡਰੀ ਸਕੂਲ ਵਿੱਚ ਇੱਕ ਭਾਰੀ ਪਬਲਿਕ ਜਲਸਾ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਕੀਤਾ ਗਿਆ। ਇਸ ਵਿੱਚ ਮੁੱਖ ਵਿਚਾਰੇ ਗਏ ਮਸਲੇ ਸਨ, ਵੈਨਕੂਵਰ ਦੀਆਂ ਮਿਊਂਸਪਲ ਚੋਣਾਂ, ਸੰਸਾਰ ਅਮਨ, ਨਸਲਵਾਦ ਤੇ ਬੁਲਾਰੇ ਸਨ ਭਾਰਤ ਦੀ ਰਾਜ ਸਭਾ ਦੇ ਮੈਂਬਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਆਲਡਰਮੈਨ ਹੈਰੀ ਰਿੰਕਨ, ਕਾਰਮੀਲੋ ਅਲਬਰਟੋ ਬੀ.ਸੀ. ਅਮਨ ਕੌਂਸਲ ਤੇ ਜਸਜੀਤ ਸੰਧੂ, ਉਮੀਦਵਾਰ ਸਕੂਲ ਬੋਰਡ ਵੈਨਕੂਵਰ। ਮਹਿੰਦਰ ਸੂਮਲ ਨੇ ਸਟੇਜ ਸਕੱਤਰ ਦਾ ਕੰਮ ਸੰਭਾਲਿਆ ਹੋਇਆ ਸੀ।

ਸਭ ਤੋਂ ਪਹਿਲਾਂ ਅਮਰਜੀਤ ਸੂਫੀ ਐਡੀਟਰ ਲੋਕਤਾ ਤੇ ਜਨਰਲ ਸਕੱਤਰ E.I.W.A. ਨੇ ਸਾਰੇ ਸ੍ਰੋਤਿਆਂ ਤੇ ਮਹਿਮਾਨ-ਬੁਲਾਰਿਆਂ ਨੂੰ ਜੀਅ ਆਇਆ ਕਿਹਾ।

ਹੈਰੀ ਰਿੰਕਨ ਨੇ ਕੋਪ (COPE) ਦੇ ਉਮੀਦਵਾਰਾਂ ਨੂੰ ਵੋਟ ਪਾਉਣ ਲਈ ਕਹਿੰਦਿਆਂ ਇਹ ਵਿਸ਼ਵਾਸ਼ ਦੁਆਇਆ ਕਿ ਉਹ ਤੇ ਕੋਪ ਦੀ ਸਲੇਟ ਦੇ ਹੋਰ ਮੈਂਬਰ ਸਦਾ ਘੱਟ-ਗਿਣਤੀਆਂ ਦੀ ਮਦਦ ਕਰਦੇ ਰਹੇ ਹਨ ਤੇ ਕਰਦੇ ਰਹਿਣਗੇ। ਚਾਹੇ ਸਵਾਲ ਨਸਲਵਾਦ ਦਾ ਹੋਵੇ, ਜਾਂ ਜਮਹੂਰੀ ਹਕੂਕਾਂ ਦਾ ਉਹ ਹਮੇਸ਼ਾਂ ਅਮਰਗਾਮੀ ਰੁੱਚੀਆਂ ਦੇ ਧਾਰਨੀ ਰਹਿਣਗੇ।

ਜਸਜੀਤ ਸੰਧੂ, ਜੋ ਸਕੂਲ ਬੋਰਡ ਲਈ ਉਮੀਦਵਾਰ ਹਨ, ਨੇ ਕਿਹਾ ਕਿ ਕੈਨੇਡਾ ਨੂੰ ਅਸੀਂ ਹਿੰਦੁਸਤਾਨੀਆਂ ਨੇ ਬਾਕੀ ਲੋਕਾਂ ਵਾਂਗ ਆਪਣੀ ਮਰਜ਼ੀ ਨਾਲ ਰਹਿਣ ਲਈ ਚੁਣਿਆ ਹੈ। ਕੈਨੇਡੀਅਨ ਵਿਦਿਅਕ ਢਾਂਚੇ ਵਿੱਚ ਸਾਡੇ ਆਉਣ ਵਾਲੀ ਪੀੜ੍ਹੀ ਦੀ ਨੁਹਾਰ ਘੜੀ ਜਾਣੀ ਹੈ, ਇਸ ਲਈ ਸਾਨੂੰ ਵਿਦਿਅਕ ਤੇ ਮਿਉਂਸਪਲ ਮਸਲਿਆਂ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਕੈਨੇਡਾ ਵਿੱਚ ਰਹਿੰਦਿਆਂ ਅਸੀਂ ਕੈਨੇਡੀਅਨ ਮਸਲਿਆਂ ਤੋਂ ਅਣਭਿੱਜ ਰਹਿਕੇ ਨਹੀਂ ਜੀ ਸਕਦੇ। ਉਨ੍ਹਾਂ ਸਭ ਨੂੰ ਬੇਨਤੀ ਕੀਤੀ ਕਿ ਆਉਂਦੀਆਂ ਮਿਊਂਸੀਪਲ ਚੋਣਾਂ ਵਿੱਚ ਸਭ ਭਾਰਤੀ ਕੈਨੇਡੀਅਨਾਂ ਨੂੰ ਕੋਪ (COPE) ਦੇ ਉਮੀਦਵਾਰਾਂ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਅਸੀਂ ਆਪਣੇ ਮਸਲੇ ਉੱਚ-ਅਧਿਕਾਰੀਆਂ ਤੱਕ ਪਹੁੰਚਾ ਸਕੀਏ।

ਬੀ.ਸੀ. ਪੀਸ ਕੌਂਸਲ ਦੀ ਕਾਰਮੀਲੋ ਅਲਬਰਟੋ ਨੇ ਕਿਹਾ ਕਿ ਸੰਸਾਰ ਅਮਨ ਦਾ ਮਸਲਾ ਮਨੁੱਖੀ ਜਾਤੀ ਅਹਿਮ ਸਵਾਲ ਹੈ। ਇਸ ਲਈ ਮਾਰੂ ਹਥਿਆਰਾਂ ਵਿਰੁਧ ਜਹਾਦ ਕਰਨਾ ਹਰ ਮਨੁੱਖ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ 20 ਨਵੰਬਰ ਦੀ ਚੋਣ ਸਮੇਂ ਡਿਸਆਰਮਾਮੈਂਟ ਰੀਫਰੈਂਡਮ ਸਮੇਂ ਮਾਰੂ ਹਥਿਆਰਾਂ ਵਿਰੁਧ ਆਵਾਜ਼ ਬੁਲੰਦ ਕਰੋ। ਵੈਨਕੂਵਰ ਵਿੱਚ ਵਾਰਡ ਸਿਸਟਮ ਦੇ ਹੱਕ ਵਿੱਚ ਵੋਟਾਂ ਪਾਓ। ਇਸ ਨਾਲ ਹਰ ਕਮਿਊਨਟੀ ਨੂੰ ਪ੍ਰਤੀਨਿਧਤਾ ਮਿਲੇਗੀ।

ਜਲਸੇ ਵਿੱਚ ਕੋਪ ਦੇ ਹੋਰ ਉਮੀਦਵਾਰ ਵੀ ਸ਼ਾਮਲ ਸਨ ਜਿਵੇਂ ਯਰੂਸ ਐਰਿਕਸਨ, ਬਰੂਸ ਯੋਰਕ, ਲਿਬੀ ਡੇਵਿਸ, ਸੋਲ ਜੈਕਸਨ ਤੇ ਡੈਲਸੀਆ ਕਰੰਪ।

ਅਮਰਜੀਤ ਸੂਫ਼ੀ ਨੇ ਆਪਣੇ ਭਾਸ਼ਨ ਵਿੱਚ ਵਾਰਡ ਸਿਸਟਮ ਦੇ ਫਾਇਦੇ, ਤਬਾਹ ਕੁਨ ਹਥਿਆਰਾਂ ਦਾ ਖਾਤਮਾ ਤੇ ਵੈਸਟ ਵੈਨ ਦੇ ਮਿਊਂਸਪਲ ਸਿਸਟਮ ਤੇ ਕਬਜ਼ੇ ਵਿਰੁਧ ਆਪਣੇ ਵਿਚਾਰ ਰੱਖੇ।

ਅੰਤ ਵਿੱਚ ਕਾਮਰੇਡ ਸੁਰਜੀਤ ਨੇ ਆਪਣੇ ਡੇਢ ਘੰਟਾ ਲੰਮੇ ਭਾਸ਼ਨ ਵਿੱਚ ਸ੍ਰੋਤਿਆਂ ਨੂੰ ਭਾਰਤ ਸਬੰਧੀ ਰਾਜਨੀਤਕ ਤੇ ਸਮਾਜਕ ਜਾਣਕਾਰੀ ਦਿੰਦਿਆਂ ਕਿਹਾ ਕਿ ਅਕਾਲੀ ਲਹਿਰ ਦਾ ਵਿਰਸਾ ਸਭ ਧਰਮਾਂ ਦੀ ਏਕਤਾ ਦਾ ਵਿਰਸਾ ਹੈ। ਜਿਸਨੂੰ ਅਤਿਵਾਦੀ ਤਬਾਹ ਕਰਨ ਤੇ ਤੁਲੇ ਹੋਏ ਹਨ। ਅਕਾਲੀ ਲਹਿਰਾਂ ਦਾ ਇਤਿਹਾਸ ਅਸਲ ਵਿੱਚ ਅਜ਼ਾਦੀ ਲਹਿਰ ਦਾ ਇਤਿਹਾਸ ਹੈ।

ਜਲਸੇ ਦੀ ਕਾਰਵਾਈ ਸਮੇਂ ਐਡਮੈਂਟਨ ਤੋਂ ਆਏ ਦੋ ਗੀਤਕਾਰਾਂ ਜੋਗਿੰਦਰ ਰੰਧਾਵਾ ਤੇ ਰੁਪਿੰਦਰ ਸਿੰਘ ਨੇ ਦੋ ਖ਼ੂਬਸੂਰਤ ਗੀਤ ਗਾਏ। ਤੇ ਅੰਤ ਸਮੇਂ ਪੰਜਾਬੀ ਸਿੰਗਰ ਪਾਰਟੀ ਵਲੋਂ ਗੀਤ ਸੰਗੀਤ ਅਤੇ ਭੰਗੜਾ ਪਾਰਟੀ ਵਲੋਂ ਭੰਗੜਾ ਪੇਸ਼ ਕੀਤਾ ਗਿਆ।

ਬਾਰਸ਼ ਦੇ ਬਾਵਜੂਦ ਵੀ ਜਲਸੇ ਦੀ ਹਾਜ਼ਰੀ ਇਸ ਗੱਲ ਦੀ ਹਾਮੀ ਭਰਦੀ ਸੀ ਕਿ ਵੈਨਕੂਵਰ ਵਾਸੀਆਂ ਦੀ ਮਿਊਂਸੀਪਲ ਚੋਣਾਂ ਵਿੱਚ ਗਹਿਰੀ ਦਿਲਚਸਪੀ ਹੈ।

ਕੈਨੇਡਾ ਵਿੱਚੋਂ ਗਿਆ ਜਥਾ ਅੰਮ੍ਰਿਤਸਰ ਪੁੱਜ ਗਿਆ, ਹੋਰ ਜਥਿਆਂ ਦੀ ਲੋੜ ਨਹੀਂ, ਮਾਇਆ ਭੇਜੋ

ਸੰਤ ਲੌਂਗੋਵਾਲ ਵਲੋਂ ਮੋਰਚਾ ਐਕਸ਼ਨ ਕਮੇਟੀ ਕੈਨੇਡਾ ਤੇ ਹੋਰ ਕੁਝ ਸਿੱਖ ਸੰਸਥਾਵਾਂ ਨੂੰ ਤਾਰ ਮਿਲੀ ਹੈ ਕਿ ਸਰੀ ਗੁਰਦੁਆਰਾ ਵਲੋਂ ਭੇਜਿਆ ਜਥਾ ਅੰਮ੍ਰਿਤਸਰ ਪੁੱਜ ਗਿਆ ਹੈ। ਉਨ੍ਹਾਂ ਤਾਰ ਵਿੱਚ ਕਿਹਾ ਹੈ ਕਿ ਹੋਰ ਜਥੇ ਭੇਜਣ ਦੀ ਕੋਈ ਲੋੜ ਨਹੀਂ। ਮੋਰਚੇ ਦੀ ਸਹਾਇਤਾ ਲਈ ਮਾਇਆ ਦੀ ਬੜੀ ਲੋੜ ਹੈ। ਇਸ ਲਈ ਕੈਨੇਡਾ ਦੀਆਂ ਸੰਗਤਾਂ ਮਾਇਆ ਦੇ ਗੱਫੇ ਭੇਜਣ ਦੀ ਕ੍ਰਿਪਾਲਤਾ ਕਰਨ।



ਬਾਰਸ਼ ਦੇ ਬਾਵਜੂਦ ਵੀ ਜਲਸੇ ਦੀ ਹਾਜ਼ਰੀ ਇਸ ਗੱਲ ਦੀ ਹਾਮੀ ਭਰਦੀ ਸੀ ਕਿ ਵੈਨਕੂਵਰ ਵਾਸੀਆਂ ਦੀ ਮਿਊਂਸੀਪਲ ਚੋਣਾਂ ਵਿੱਚ ਗਹਿਰੀ ਦਿਲਚਸਪੀ ਹੈ।

CANADIAN FARMWORKERS UNION (CLC)

NATIONAL OFFICE: 4730 IMPERIAL STREET, BURNABY, B.C. V5J 1C2
(604) 430-6055

"At 3:00 a.m. on October 30th, a 19 year old farmworker, Jarnail Singh Deol, lost his struggle against pesticide poisoning," said Raj Chouhan, President of the Canadian Farmworkers Union (C.F.U.) today. "His death might have been prevented."

Mr. Deol was hospitalized on two occasions and diagnosed as suffering from acute overexposure to pesticides. A totol of six people had been hospitalized from the same farm, and investigations have yet to reach a conclusion. There are no authorities currently responsible for the regulation of pesticide use on private land.

"Jarnail's death is no mere accident of fate. His death stands as a monument to government inaction. It is a statue to "further study", an icon to "the proper time", said Chouhan. "To those who demand patience, to those who are tired of our voices shouting for equality, we say: no more deaths! No more watching our young people die, our children being poisoned. Our children are as precious as yours, our young people are our future."

"With the new jurisdiction of the Workers' Compensation Board (WCB) over agriculture, the tool is in place to save our lives. To refuse to put that tool to use, is to take responsibility for future tragedies," he said.

"Sukhdeep Madhar died in 1980 in a farmworkers' cabin because of government inaction and they still refuse to act. Now Jarnail Deol has lost his life, and we will not wait with our last breath hoping that the proper thing will be done. We ask the working people of B.C., those who are incensed over the needless loss of life to join with us in demanding action from the WCB immediately. We only demand the protections that all other workers in this province enjoy. Farmworkers are workers too!"

For further information: Raj Chouhan
Judy Cavanaugh 430-6055


ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਮੁਜ਼ਾਹਰਾ

ਵੈਨਕੂਵਰ: 24 ਅਕਤੂਬਰ ਨੂੰ ਡੇਵਿਡ ਥਾਮਸਨ ਹਾਇਰ ਸਕੈਂਡਰੀ ਸਕੂਲ ਦੇ ਬਾਹਰ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਮੁਜ਼ਾਹਰਾ ਕੀਤਾ ਗਿਆ। ਮੈਂਬਰਾਂ ਵਲੋਂ ਬੈਨਰਾਂ ਤੇ ਸਾਮਰਾਜ ਵਿਰੋਧੀ ਤੇ ਸੁਰਜੀਤ ਹੋਰਾਂ ਦੀ 'ਸੋਧਵਾਦੀ' ਨੀਤੀ ਵਿਰੋਧੀ ਨਾਅਰੇ ਲਿਖੇ ਹੋਏ ਸਨ। ਮੁਜ਼ਾਹਰੀਨਾਂ ਨੇ ਸੀ.ਪੀ.ਐਮ. ਦੀ ਗਿਆਰਵੀਂ ਕਾਂਗਰਸ ਸਮੇਂ 'ਪੀਪਲਜ਼ ਵਾਇਸ' ਵਿੱਚ ਛਪਿਆਂ ਲੇਖ ਵੀ ਲੋਕਾਂ ਵਿੱਚ ਵੰਡਿਆ।

ਮਾਨ ਮਿਊਜ਼ਿਕ ਐਂਡ ਵੀਡੀਓਜ਼

ਅਤੇ ਮਾਨ ਫੋਟੋ ਸਟੂਡੀਓ

"YOU NAME IT WE HAVE IT"



ਹੋਰ ਜਾਣਕਾਰੀ ਲਈ ਗੁਰਪਾਲ ਮਾਨ ਨੂੰ ਫੋਨ ਕਰੋ
ਜਾਂ ਖੁਦ ਆਕੇ ਮਿਲੋ

(604) 321-6667

6412 MAIN STREET, at 49TH AVENUE
VANCOUVER, B.C. V5X 1A5

ਸ਼ਬਦ, ਧਰਮਿਕ ਗੀਤ, ਲੋਕ ਗੀਤ, ਪੰਜਾਬੀ ਤੇ ਹਿੰਦੀ ਫਿਲਮੀ ਗੀਤ, ਡਿਸਕੋ ਗੀਤ, ਭਜਨ, ਕਵਾਲੀਆਂ ਦੀਆਂ ਵਧੀਆ ਕੁਆਲਟੀ ਦੀਆਂ ਟੇਪਾਂ ਜਾਂ ਆਪਣੀ ਮਰਜ਼ੀ ਦੇ ਗਾਣਿਆਂ ਦੀਆਂ ਟੇਪਾਂ ਭਰਵਾਉਣ ਲਈ (ਵਧੀਆ ਕੁਆਲਟੀ ਦੀਆਂ)ਮਾਨ ਮਿਊਜ਼ਿਕ ਤੇ ਦਰਸ਼ਨ ਦਿਓ

ਇੰਡੀਆ ਦੀ ਬਿਜਲੀ ਤੇ ਚਲਣ ਵਾਲੇ ਰੇਡੀਓ, ਟੇਪ ਰਿਕਾਰਡ, ਕਪੜੇ ਪ੍ਰੈਸ ਕਰਨ ਵਾਲੀ ਇਸਤ੍ਰੀ, ਹੇਅਰ ਡ੍ਰਾਇਰਜ਼, ਕਨੇਡਾ ਵਾਲੀ ਬਿਜਲੀ ਨੂੰ ਇੰਡੀਆ ਵਾਲੀ ਬਿਜਲੀ ਵਿੱਚ ਤਬਦੀਲ ਕਰਨ ਵਾਲੇ ਅਡਹਪਟਰਜ਼, 8-ਟ੍ਰੈਕ ਦੇ ਵਿੱਚ ਕਸੈਟ ਖਲਾਣ ਵਾਲੇ ਅਡਾਪਟਰਜ਼, ਕਾਰਾਂ 'ਚ ਲਾਉਣ ਲਈ ਟੇਪਾਂ, ਟੀ.ਵੀ. ਕਨਵਰਟ੍ਰਜ਼, ਬਾਬਿਆਂ ਦੀਆਂ ਫੋਟੋ ਆਦਿ ਲਈ....

ਮਾਨ ਮਿਊਜ਼ਿਕ ਐਂਡ ਵੀਡੀਓਜ਼
ਤੇ ਇੱਕ ਗੇੜਾ ਜ਼ਰੂਰ ਮਾਰੋ।



ਇੰਡੀਆ ਦੀ ਬਿਜਲੀ ਤੇ ਚਲਣ ਵਾਲਾ 3 ਬੈਂਡ ਦਾ
ਰੇਡੀਓ ਤੇ ਟੇਪ
ਸਿਰਫ **$68.99** ਦਾ

ਪਾਸ ਪੋਰਟ ਫੋਟੋ ਪੰਜ ਮਿੰਟ 'ਚ ਖਿਚਵਾਓ
FAMILY, GROUP,
ਜਾਂ ਵਿਆਹ ਤੇ ਫੋਟੋ ਖਿਚਵਾਉਣ ਲਈ
PORTRAIT

ਗੁਰਪਾਲ ਮਾਨ
ਨੂੰ
ਫੋਨ ਕਰੋ
321-6667

ਪੰਜਾਬੀ ਤੇ ਹਿੰਦੀ ਵੀਡੀਓ ਫਿਲਮਾਂ ਬਿਲਕੁਲ
Clear Prints ਵਿੱਚ ਖ੍ਰੀਦੋ।
ਤੁਸੀਂ ਫਿਲਮਾਂ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ

ਪੰਜਾਬੀ ਫਿਲਮਾਂ ਵਿੱਚ:

ਨਾਨਕ ਨਾਮ ਜਹਾਜ਼ ਹੈ, ਨਾਨਕ ਦੁਖੀਆ ਸਭ ਸੰਸਾਰ, ਦੁੱਖ ਭੰਜਨ ਤੇਰਾ ਨਾਮ.... ਬਹੁਤ ਹੀ ਸਾਫ ਪ੍ਰਿੰਟ 'ਚ ਸਾਥੋਂ ਖ੍ਰੀਦੋ।

ਪਾਕਿਸਤਾਨੀ ਪੰਜਾਬੀ ਫਿਲਮਾਂ 'ਚ

ਮੌਲਾ ਜੱਟ, ਬਾਈਕਾਟ, ਯਾਰੀ ਦੋਸਤੀ, ਸੌਹਰਾ ਤੇ ਜਵਾਈ, ਸੋਹਣੇ ਫੁੱਲ ਪਿਆਰ ਦੇ, ਬਲੰਵਤ ਕੌਰ, ਸ਼ੌਂਕਣ ਮੇਲੇ ਦੀ, ਪਾਟੇ ਖਾਂ, ਖਾਨ ਚਾਚਾ, ਹਥਿਆਰ, ਅੱਜ ਦੀਆਂ ਕੁੜੀਆਂ, ਮਲੰਗੀ ਤੇ ਹੋਰ ਕਈ .....

ਬਹੁਤ ਜਲਦ ਆ ਰਹੀਆਂ ਹਨ:

ਹੀਰ ਰਾਂਝਾ, ਸੱਸੀ ਪੁੰਨੂੰ - ਪੰਜਾਬੀ
— ਸੈਦਾਂ ਜੋਗਣ

(RADIO PROGRAMME)

ਹਰਮਨ ਪਿਆਰੇ

ਸੰਗੀਤ ਸੰਸਾਰ ਰੇਡੀਓ ਪ੍ਰੋਗਰਾਮ ਵਿੱਚ ਫਰਮਾਈਸ਼ੀ ਗੀਤ ਸੁਨਣ ਲਈ
ਜਾਂ ਕੋਈ ਸੂਚਨਾਂ ਜਾਂ ਐਡ ਦੇ ਲਈ ਪਤਾ ਹੈ

SANGEET SANSAR
6512 MAIN ST., VANCOUVER, B.C. V5X 1A5

ਪ੍ਰੋਗਰਾਮ ਹੇਠ ਲਿਖੇ ਮੀਟਰਾਂ ਤੇ ਆਉਂਦਾ ਹੈ
RADIO C.J.V.B. 1470 A.M. DIAL ਵੈਨਕੂਵਰ ਤੋਂ

ਹਰ ਮੰਗਲਵਾਰ ਨੂੰ: ਸ਼ਾਮ 7.30 ਤੋਂ 8.30 ਤੱਕ
ਤੇ ਸਨਿਚਰਵਾਰ ਨੂੰ: ਸ਼ਾਮ 7.05 ਤੋਂ 8.00 ਤੱਕ

RADIO C.J.J.C. 800 AM ਲੈਂਗਲੀ ਤੋਂ

ਹਰ ਐਤਵਾਰ ਦੋ ਵਾਰੀ
12.25 ਤੋਂ ਦੁਪਿਹਰ 1.00 ਤਾਈਂ ਅਤੇ ਸ਼ਾਮ 8.05 ਤੋਂ 9.00 ਤੱਕ
ਹਰ ਐਤਵਾਰ ਨੂੰ ਇਹ ਪ੍ਰੋਗਰਾਮ 'ਪੰਜਾਬੀ ਮ੍ਰਾਕਿਟ' ਚੋਂ ਪੇਸ਼ ਕੀਤਾ ਜਾਂਦਾ ਹੈ

6512 ਮੇਨ ਸਟ੍ਰੀਟ (49 ਐਵੀ.)
ਵੈਨਕੂਵਰ, ਬੀ.ਸੀ.

ਜਿਸ ਨੂੰ ਕਿ ਮੌਜੂਦਾ 'ਪੰਜਾਬੀ ਮਾਰਕਿਟ' ਕਿਹਾ ਜਾਂਦਾ
ਹੈ, ਵਿੱਚ ਹੈ

SUBSCRIBE TO CANADA DARPEN

ਆਪਣੀਆਂ ਰਚਨਾਵਾਂ, ਸਾਲਾਨਾ ਚੰਦਾ ਤੇ ਇਸਤਿਹਾਰ ਇਸ ਪਤੇ ਤੇ ਭੇਜੋ

ਕੈਨੇਡਾ ਦਰਪਣ

P.O. BOX 67344, STATION 'O'
VANCOUVER. B.C. V5W 3T9

PHONE:- BUS. (604) 324-6111
PHONE:- RES. (604) 321-6360

ਸਾਲਾਨਾ ਚੰਦਾ: 15 ਡਾਲਰ

BAINS TRAVEL

ਅਸੀਂ ਤੁਹਾਡੀ 30 ਸਾਲਾਂ
ਤੋਂ ਸੇਵਾ ਕਰ ਰਹੇ ਹਾਂ

IATA

IATA

AIR CANADA, AIR INDIA
BRITISH AIRWAYS, C.P. AIR, JAPAN AIR LINES
KUWAIT AIRWAYS, THAI AIRWAYS INTERNATIONAL
AND ALMOST ALL AIRLINES

BAINS INTERNATIONAL TRAVEL SERVICE

6364 FRASER ST. VANOCUVER, B.C.
TEL. 324-2277 & 324-1919

NORTH VANCOUVER **VICTORIA, B.C.**

ਵਿਸ਼ੇਸ਼ ਮੁਲਾਕਾਤ —

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ



(22 ਅਕਤੂਬਰ 1982 ਨੂੰ ਕੈਨੇਡਾ ਦਰਪਣ ਦੇ ਸੰਪਾਦਕ ਦਰਸ਼ਨ ਗਿੱਲ ਤੇ ਕਮਿਊਨਿਸਟ ਪਾਰਟੀ ਆ ਇੰਡੀਆ(ਮਾਰਕਿਸਟ) ਦੇ ਉੱਘੇ ਲੀਡਰ, ਪੋਲਟ ਬਿਓਰੋ ਦੇ ਮੈਂਬਰ ਤੇ ਰਾਜ ਸਭਾ ਵਿੱਚ ਪੰਜਾਬ ਸੀ,ਪੀ. ਐਮ. ਦੇ ਪ੍ਰਤੀਨਿਧ ਕਾਮਰੇਡ ਸੁਰਜੀਤ ਨਾਲ ਮੁਲਾਕਾਤ ਤੇ ਅਧਾਰਤ)

ਸੰਪਾਦਕ:— ਕਾਮਰੇਡ ਜੀ, ਅਸੀਂ ਭਾਰਤੀ ਕੈਨੇਡੀਅਨ ਤੁਹਾਡੇ ਕੈਨੇਡਾ ਆਉਣ ਤੇ ਤੁਹਾਨੂੰ ਜੀ ਆਇਆ ਆਖਦੇ ਹਾਂ - ਕੀ ਤੁਸੀਂ ਭਾਰਤ ਦੀ ਅਜੋਕੀ ਰਾਜਨੀਤਕ ਸਥਿਤੀ ਤੇ ਵਿਸਥਾਰ ਨਾਲ ਚਾਨਣਾ ਪਾਕੇ ਸਾਨੂੰ ਰਾਜਨੀਤਕ ਸਥਿਤੀ ਤੋਂ ਜਾਣੂ ਕਰਾ ਸਕੋਗੇ?

ਕਾਮਰੇਡ ਸੁਰਜੀਤ:— ਮੈਂ ਕੈਨੇਡਾ ਦੀ ਧਰਤੀ ਨੂੰ ਨਮਸਕਾਰ ਕਰਦਾ ਹਾਂ ਕਿਉਂਕਿ ਇਸੇ ਧਰਤੀ ਨੇ ਗ਼ਦਰ ਪਾਰਟੀ ਦੇ ਰੂਪ ਵਿੱਚ ਦੇਸ਼ ਦੀ ਆਜ਼ਾਦੀ ਵਿੱਚ ਉੱਘਾ ਹਿੱਸਾ ਪਾਇਆ।

ਅਜੋਕੀ ਭਾਰਤੀ ਰਾਜਨੀਤਕ ਸਥਿਤੀ ਦੇ ਕਈ ਪੱਖ ਹਨ। ਰਾਜਨੀਤਕ ਸਥਿਤੀ ਨੂੰ ਸਮਝਣ ਲਈ ਆਰਥਕ ਪੱਖ ਸਮਝਣਾ ਬੜਾ ਜ਼ਰੂਰੀ ਹੈ। ਆਰਥਕ ਤੌਰ ਤੇ ਭਾਰਤ ਦੀ ਹਾਲਤ ਬਹੁਤ ਖਰਾਬ ਹੈ। ਸਰਕਾਰ ਨੂੰ ਮਲਟੀਨੈਸ਼ਨਲ ਕੰਪਨੀਆਂ ਤੇ ਨਿਰਭਰ ਕਰਨਾ ਪੈ ਰਿਹਾ ਹੈ। ਤੇ ਇਨ੍ਹਾਂ ਤੇ ਨਿਰਭਰ ਕਰਨ ਨਾਲ ਦੇਸ਼ ਦੀ ਆਰਥਕਤਾ ਹੋਰ ਵੀ ਵਿਗੜੇਗੀ। ਘਾਟੇ ਦੇ ਬਜਟ ਨੂੰ ਪੂਰਾ ਕਰਨ ਲਈ ਜਿਨ੍ਹਾਂ ਏਜੰਸੀਆਂ ਤੋਂ ਕਰਜ਼ੇ ਲਏ ਜਾ ਰਹੇ ਹਨ ਉਨ੍ਹਾਂ ਦੀਆਂ ਸ਼ਰਤਾਂ ਬਹੁਤ ਸਖਤ ਹਨ।

ਸਮਾਜਕ ਹਾਲਤ ਹੋਰ ਵੀ ਤਰਸਯੋਗ ਹੈ। ਸਭ ਪਾਸੇ ਅਸੰਤੋਸ਼ ਹੈ। ਇਸ ਨੂੰ ਦਬਾਉਣ ਲਈ ਤੇ ਕੁਚਲਣ ਲਈ ਜੋ ਢੰਗ ਵਰਤੇ ਜਾ ਰਹੇ ਹਨ ਉਹ ਬਹੁਤ ਸਖਤ ਹਨ।

ਅਜਿਹੀ ਅਸੰਤੋਖਜਨਕ ਆਰਥਕ ਤੇ ਸਮਾਜਕ ਹਾਲਤ ਨੂੰ ਵੱਖਵਾਦੀ ਤਾਕਤਾਂ ਵਰਤ ਰਹੀਆਂ ਹਨ। ਜਿਵੇਂ ਆਸਾਮ ਵਿੱਚ ਵੱਖਵਾਦੀ ਰੁਚੀ ਉਭਰੀ ਹੈ ਉਸੇ ਤਰ੍ਹਾਂ ਪੰਜਾਬ ਵਿੱਚ ਅਤਿਵਾਦੀ ਇਸ ਹਾਲਾਤ ਦਾ ਨਜਾਇਜ਼ ਲਾਭ ਉਠਾਉਣ ਦਾ ਯਤਨ ਕਰ ਰਹੇ ਹਨ।

ਲੋਕਾਂ ਵਿੱਚ ਗੁੱਸਾ ਹੈ - ਆਰਥਕ ਕਮਜ਼ੋਰੀ ਕਾਰਨ,ਤੇ ਇਸ ਨੂੰ ਵਰਤ ਰਹੇ ਹਨ Fundamentalists। ਮਜ਼ਬੀ ਜਨੂੰਨੀ - ਲੋਕਾਂ ਨੂੰ ਭੜਕਾ ਰਹੇ ਹਨ ਤੇ ਇਨ੍ਹਾਂ ਦੀ ਮੱਦਦ - ਵੱਖਵਾਦੀਆਂ ਤੇ ਅਤਿਵਾਦੀਆਂ ਦੀ-ਬਾਹਰਲੇ ਮੁਲਕ ਵੀ ਕਰ ਰਹੇ ਹਨ।

ਖੱਬੇ-ਪੱਖੀ ਲਹਿਰ ਅਜੇ ਪੂਰੀ ਤਾਕਤਵਰ ਨਹੀਂ। ਏਹੀ ਕਾਰਨ ਹੈ ਕਿ ਪਿਛਾਕੜ ਦੀਆਂ ਪਾਰਟੀਆਂ ਵੱਖਵਾਦੀ ਤੇ ਅਤਿਵਾਦੀ ਨਾਹਰੇ ਲਾ ਰਹੀਆਂ ਹਨ। ਖੱਬੇ ਪੱਖੀ ਲਹਿਰ ਲਈ ਮਜ਼ਦੂਰ ਅੱਗੇ ਹਨ - ਉਨ੍ਹਾਂ ਵਿੱਚ ਭਾਵਨਾ ਪ੍ਰਬਲ ਹੋ ਰਹੀ ਹੈ।

ਭਾਰਤ ਵਿੱਚ ਮਾਰੂ ਹਥਿਆਰਾਂ ਵਿਰੁਧ ਲੋਕਾਂ ਵਿੱਚ ਗੁੱਸਾ ਹੈ - ਪਾਕਿਸਤਾਨ ਨੂੰ ਅਮਰੀਕਨ ਸਰਮਾਏਦਾਰੀ ਹਥਿਆਰ ਮੁਹਈਆ ਕਰ ਰਹੀ ਹੈ। ਲੋਕਾਂ ਵਿਚ ਅਮਨ ਲਹਿਰ ਲਈ ਭਾਵਨਾ ਪ੍ਰਚੰਡ ਹੈ। ਸਤੰਬਰ ਵਿਚ ਪੰਜ ਲੱਖ ਲੋਕਾਂ ਅਮਨ ਲਹਿਰ ਦੇ ਹੱਕ ਵਿਚ ਜ਼ਬਰਦਸਤ ਮੁਜ਼ਾਹਰਾ ਕੀਤਾ ਜਿਸ ਵਿਚ ਸੀ.ਪੀ.ਆਈ. ਤੇ ਹੋਰ ਖੱਬੇ ਪੱਖੀ ਪਾਰਟੀਆਂ ਨੇ ਹਿੱਸਾ ਲਿਆ।

ਸੰਪਾਦਕ:— ਖੱਬੇ ਪੱਖੀ ਪਾਰਟੀਆਂ ਤੇ ਸੱਜੇ-ਪਿਛਾਖੜ ਦੀਆਂ ਪਾਰਟੀਆਂ ਵਿਚ ਵਿਰੋਧ ਕਿਸ ਹੱਦ ਤੱਕ ਤੀਖਣ ਹੋਇਆ ਹੈ?

ਆਰਥਕ ਸੰਕਟ ਡੂੰਘਾ ਹੋਣ ਨਾਲ, ਹਾਕਮ ਜਮਾਤ ਕੋਲ ਰਿਆਇਤਾਂ ਦੇਣ ਦੀ ਗੁੰਜਾਇਸ਼ ਘੱਟ ਜਾਂਦੀ ਹੈ। ਏਹੀ ਕਾਰਨ ਹੈ ਕਿ ਸਭ ਸਰਮਾਏਦਾਰ ਮੁਲਕ ਤੇ ਸਰਮਾਏਦਾਰੀ ਦੇ ਰਾਹ (Capitalist Path) ਤੇ ਚਲ ਰਹੇ ਦੇਸ਼ ਡੂੰਘੇ ਸੰਕਟ ਵਿੱਚ ਹਨ। ਭਾਰਤ ਵਿਚ ਵੀ ਪਾਰਟੀਆਂ ਡੂੰਘੇ ਸੰਕਟ ਵਿੱਚ ਹਨ। ਪਰ ਇਕ Projection ਜ਼ਰੂਰ ਹੋ ਗਈ ਹੈ ਕਿ ਕਾਂਗਰਸ ਦਾ ਬਦਲ ਜੇ ਕੋਈ ਹੈ ਤਾਂ ਉਹ ਖੱਬੇ-ਪੱਖੀ ਪਾਰਟੀਆਂ ਹਨ। ਪਰ ਇਹ ਅਜੇ Projection ਹੀ ਹੈ। ਇਹ ਕਹਿਣਾ ਫਾਲਤੂ ਹੈ ਕਿ ਇਹ ਹੁਣ ਬਦਲ ਪੇਸ਼ ਕਰਨ ਦੇ ਕਾਬਲ ਹਨ। ਪਰ ਪੱਛਮੀ ਬੰਗਾਲ ਤੇ ਤ੍ਰੀਪੁਰਾ ਦੀਆਂ ਸ੍ਰਕਾਰਾਂ ਨੇ ਹਿੰਦੁਸਤਾਨੀ ਲੋਕਾਂ ਨੂੰ ਦਿਖਾ ਦਿਤਾ ਹੈ ਕਿ ਜੋ ਕੰਮ ਲੋਕਾਂ ਲਈ ਖੱਬੇ-ਪੱਖੀ ਪਾਰਟੀਆਂ ਕਰ ਸਕਦੀਆਂ ਹਨ, ਉਹ ਹੋਰ ਕਿਸੇ ਪਾਰਟੀ ਵਿਚ ਕਰਨ ਦੀ ਤਾਕਤ ਨਹੀਂ। ਪੱਛਮੀ ਬੰਗਾਲ ਤੇ ਤ੍ਰੀਪੁਰਾ ਇਸਦੇ ਗਵਾਹ ਹਨ।

ਸੀ.ਪੀ.ਆਈ. ਤੇ ਸੀ.ਪੀ.ਐਮ. ਦੇ ਇਕੱਠੇ ਹੋਣ ਦੀ ਸੰਭਾਵਨਾ ਕੀ ਹੈ?

ਕਾਮਰੇਡ ਸੁਰਜੀਤ:— ਦੋਵਾਂ ਪਾਰਟੀਆਂ ਦਾ ਕਾਂਗਰਸ ਨਾਲ ਵਿਰੋਧ ਹੈ ਤੇ ਇਸੇ ਵਿਰੋਧ ਦੇ ਆਧਾਰ ਤੇ ਉਨ੍ਹਾਂ ਦਾ ਆਪਸ ਵਿੱਚ ਤਾਲਮੇਲ ਹੈ। ਅੱਗੇ ਨਾਲੋਂ ਮਿਲਵਰਤਣ ਵਧਿਆ ਹੈ। ਅਮਲ ਵਿੱਚ ਦੋਵੇਂ ਇੱਕ ਦੂਜੇ ਦਾ ਸਹਿਯੋਗ ਦੇ ਰਹੀਆਂ ਹਨ। ਪਰ ਮੁੱਖ ਗੱਲ ਸਾਂਝਾ ਐਕਸ਼ਨ ਹੈ। ਦੋਵਾਂ ਪਾਰਟੀਆਂ ਦਾ ਮਿਲਕੇ।

ਸੰਪਾਦਕ:— ਸੀ.ਪੀ.ਐਮ. ਦਾ ਅਕਾਲੀ ਮੋਰਚੇ ਬਾਰੇ ਸਟੈਂਡ ਕੀ ਹੈ?

ਕਾਮਰੇਡ ਸੁਰਜੀਤ:— ਜੇ ਕਿਸੇ ਪਾਰਟੀ ਨੇ ਸੰਜੀਦਗੀ ਨਾਲ ਪੰਜਾਬ ਵਿਚ ਅਤਿਵਾਦੀਆਂ ਦਾ ਵਿਰੋਧ ਕੀਤਾ ਤਾਂ ਉਹ ਸਾਡੀ ਪਾਰਟੀ ਹੈ। ਅਸੀਂ ਸਮਝਦੇ ਹਾਂ ਕਿ ਜੇ ਮੋਰਚਾ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਸਾਹਮਣੇ ਲਿਆਉਂਦਾ ਤੇ ਉਨ੍ਹਾਂ ਦੀ ਬੇਚੈਨੀ ਨੂੰ ਅਤਿਵਾਦੀਆਂ ਵਲੋਂ ਵਰਤਣ ਤੋਂ ਗੁਰੇਜ਼ ਕਰਦਾ ਹੈ ਤਾਂ ਠੀਕ ਹੈ। ਅਸੀਂ ਅਕਾਲੀਆਂ ਨੂੰ ਇਸ ਪੱਖੋਂ ਸੁਚੇਤ ਵੀ ਕੀਤਾ। ਜਿਥੇ ਪੰਜਾਬ ਦੀ ਮਾੜੀ ਹਾਲਤ ਬਾਰੇ ਸ੍ਰਕਾਰ ਨੂੰ ਬਰੀ ਨਹੀਂ ਕੀਤਾ ਜਾ ਸਕਦਾ, ਉਥੇ ਅਕਾਲੀਆਂ ਦੀਆਂ ਜਾਇਜ਼ ਮੰਗਾਂ ਦਾ ਅਸੀਂ ਸਮਰਥਨ ਕਰਦੇ ਹਾਂ।

ਸੰਪਾਦਕ:— ਅਕਾਲੀਆਂ ਦੀਆਂ ਕਿਹੜੀਆਂ ਮੰਗਾਂ ਹਨ ਜਿਨ੍ਹਾਂ ਨੂੰ ਤੁਹਾਡੀ ਪਾਰਟੀ ਜਾਇਜ਼ ਮੰਨਦੀ ਹੈ?

ਕਾਮਰੇਡ ਸੁਰਜੀਤ:— ਮਿਸਾਲ ਦੇ ਤੌਰ ਤੇ ਚੰਡੀਗੜ੍ਹ ਦੀ ਮੰਗ। ਇਸ ਬਾਰੇ ਅਵਾਰਡ ਵੀ ਹੋ ਚੁੱਕਾ ਹੈ। ਤੇ ਇਹ ਕੋਈ ਵੀ ਨਹੀਂ ਮੰਨ ਸਕਦਾ ਕਿ ਇਹ ਪੰਜਾਬ ਦਾ ਹਿੱਸਾ ਨਹੀਂ ਹੈ। ਇਸ ਅਵਾਰਡ ਨੂੰ ਬਾਰਾਂ ਤੇਰ੍ਹਾਂ ਸਾਲ ਹੋ ਗਏ ਹਨ। ਦੂਜੇ ਿ ਹੜੀ ਪੰਜਾਬ ਦੀ ਹਦਬੰਦੀ ਹੋਈ ਹੈ ਉਹ 1961 ਦੀ ਮਰਦਮ ਸ਼ੁਮਾਰੀ ਤੇ ਹੋਈ ਹੈ ਜਿਹੜੀ ਕਿ distorted ਸੀ। ਇਹ ਮਰਦਮ ਸ਼ੁਮਾਰੀ ਨੂੰ ਆਧਾਰ ਮੰਨਣਾ ਹੀ ਗ਼ਲਤ ਸੀ।ਪਿੰਡ ਨੂੰ ਇਕਾਈ ਮੰਨ ਕੇ ਪੰਜਾਬੀ ਇਲਾਕਿਆਂ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਦੀ ਮੰਗ ਬਿਲਕੁਲ ਜਾਇਜ਼ ਹੈ। ਤੀਜਾ ਹੈ ਪਾਣੀਆਂ ਦਾ ਸਵਾਲ। ਇਸ ਨੂੰ ਪ੍ਰਧਾਨ ਮੰਤ੍ਰੀ ਨੇ ਆਪਣੇ ਢੰਗ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ। ਪਰ ਜਿਹੜਾ ਪਾਣੀ ਹੁਣ ਹਰਿਆਣੇ ਨੂੰ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਪਾਣੀ ਦਸ ਸਾਲ ਤੋਂ ਪੰਜਾਬ ਵਿਚ ਵਰਤਿਆ ਜਾ ਰਿਹਾ ਹੈ। ਜਿਹੜੀ ਨਹਿਰ ਹੁਣ ਕੱਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ — ਉਹ ਗੋਬਿੰਦ ਸਾਗਰ ਦਾ ਪਾਣੀ 1972 ਤੋਂ ਲੈਕੇ fully utilized (ਪੂਰੀ ਤਰ੍ਹਾਂ ਵਰਤਿਆ) ਹੈ। ਪਰ ਇਹ ਸਵਾਲ ਸਾਰੇ ਪੰਜਾਬੀਆਂ ਦੇ ਸਾਂਝੇ ... ਹਨ।

ਸੰਪਾਦਕ:— ਪਾਣੀ ਦੇ ਸਵਾਲ ਤੇ ਹਰਿਆਣੇ ਦੇ ਪੰਜਾਬੀ ਕਿਵੇਂ ਸੋਚਦੇ ਹਨ?

ਕਾਮਰੇਡ ਸੁਰਜੀਤ:— ਮੈਂ ਇਸ ਸਵਾਲ ਤੇ ਅਕਾਲੀਆਂ ਨਾਲ ਗੱਲ ਕੀਤੀ ਹੈ ਕਿ ਪਾਣੀ ਦੇ ਸਵਾਲ ਤੇ ਹਰਿਆਣੇ ਦੇ ਸਿੱਖ ਕਹਿੰਦੇ ਹਨ ਕਿ ਪਾਣੀ ਹਰਿਆਣੇ ਨੂੰ ਮਿਲਣਾ ਚਾਹੀਦਾ ਹੈ ਤੇ ਰਾਜਸਥਾਨ ਦੇ ਸਿੱਖ ਕਹਿੰਦੇ ਹਨ ਕਿ ਪਾਣੀ ਰਾਜਸਥਾਨ ਨੂੰ ਮਿਲਣਾ ਚਾਹੀਦਾ ਹੈ। ਇਸ ਲਈ ਪਾਣੀ ਦਾ ਸਵਾਲ ਸਿੱਖਾਂ ਦਾ ਸਵਾਲ ਨਹੀਂ। ਇਸ ਤੇ ਸਿੱਖ ਵੰਡੇ ਹੋਏ ਹਨ। ਹੁਣ ਬਾਦਲ ਸਾਹਿਬ ਨੇ ਕਿਹਾ ਹੈ ਕਿ ਇਹ ਸਿੱਖਾਂ ਦੇ ਸਵਾਲ ਨਹੀਂ, ਪੰਜਾਬੀਆਂ ਦਾ ਸਵਾਲ ਹੈ।

ਸੰਪਾਦਕ:— ਅਕਾਲੀਆਂ ਦੀਆਂ ਧਾਰਮਿਕ ਮੰਗਾਂ ਬਾਰੇ ਤੁਹਾਡੇ ਕੀ ਵਿਚਾਰ ਹਨ?

ਕਾਮਰੇਡ ਸੁਰਜੀਤ:— ਉਨ੍ਹਾਂ ਦੀ ਮੰਗ ਹੈ ਕਿ ਗੁਰਦੁਆਰਾ ਐਕਟ ਬਣਨਾ ਚਾਹੀਦਾ ਹੈ। ਇਹ ਉਨ੍ਹਾਂ ਦੀ ਜਾਇਜ਼ ਮੰਗ ਹੈ। ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸ੍ਰਕਾਰੀ ਦਖਲ ਨਹੀਂ ਦੇਣਾ ਚਾਹੀਦਾ। ਇਹ ਵੀ ਠੀਕ ਹੈ। ਉਨ੍ਹਾਂ ਦੇ ਧਾਰਮਿਕ ਮੁਆਮਲਿਆਂ ਵਿਚ ਦਖਲਅੰਦਾਜ਼ੀ, ਜਿਵੇਂ ਦਿੱਲੀ ਦੀ ਗੁਰਦੁਆਰਾ ਕਮੇਟੀ ਵਿੱਚ ਵਾਪਰਿਆ ਇਹ ਵੀ ਨਹੀਂ ਹੋਣਾ ਚਾਹੀਦਾ। ਦਿੱਲੀ ਦਾ ਗੁਰਦੁਆਰਾ ਐਕਟ ਨੂੰ ਬਦਲਕੇ ਕਮੇਟੀ ਤੇ ਕਬਜ਼ਾ ਕਰਨਾ ਆਦਿ ਇਹ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਪਰ ਕਦਾਚਿਤ ਜਿਵੇਂ ਹੋਰ ਮੰਗਾਂ ਹਨ - ਅਨੰਦਪੁਰ ਦਾ ਮਤਾ ਜਾਂ ਖਾਲਿਸਤਾਨ ਦਾ ਸਵਾਲ ਇਸ ਤੇ ਕੋਈ ਵੀ ਜਮਹੂਰੀ ਤਾਕਤ (democratic force) ਸਪੋਰਟ ਨਹੀਂ ਕਰੇਗੀ। ਇਹ ਵੱਖਵਾਦ ਦਾ ਸਵਾਲ ਹੈ - ਧਰਮ ਦੇ ਅਧਾਰ ਤੇ ਨਾ ਰਾਜ ਬਣ ਸਕਦੇ ਹਨ ਨਾ ਚਲ ਸਕਦੇ ਹਨ। ਸਮਾਜ ਵਿਚ ਕਿਉਂਕਿ interest ਜਿਹੜੇ ਹਨ ਉਹ ਜਮਾਤੀ ਹਨ ਜੋ ਰਾਜਨੀਤੀ ਨੂੰ ਤੈਅ ਕਰਦੇ ਹਨ ਨਾ ਕਿ ਧਾਰਮ ਕ. interest.

ਸੰਪਾਦਕ: ਜਾਪਦਾ ਹੈ ਕਿ ਅਕਾਲੀਆਂ ਨੇ ਇਸ ਨੂੰ 'ਧਰਮ ਯੁੱਧ' ਦਾ ਨਾਂ ਦੇਕੇ ਪੰਜਾਬੀਆਂ ਦੀਆਂ ਮੰਗਾਂ ਨੂੰ ਸੀਮਤ ਦਾਇਰੇ ਵਿਚ ਲੈ ਆਂਦਾ ਹੈ?

ਕਾਮਰੇਡ ਸੁਰਜੀਤ:— ਸੀਮਤ ਦ੍ਰਿਸ਼ਟੀਕੋਣ ਹੀ ਨਹੀਂ ਅਪਣਾਇਆ ਸਗੋਂ ਅਤਿਵਾਦੀ ਤਾਕਤਾਂ ਨੂੰ ਵੀ ਮਜਬੂਤਕੀਤਾ ਹੈ। ਇਹ ਨੂੰ ਧਰਮ ਯੁੱਧ ਦਾ ਰੰਗ ਦੇਕੇ ਤੇ ਧਰਮ ਦਾ ਸਵਾਲ ਬਣਾਕੇ।

ਸੰਪਾਦਕ:— ਅਨੰਦਪੁਰ ਦੇ ਮਤੇ ਬਾਰੇ ਕੁਝ ਸਪਸ਼ਟ ਕਰੋਗੇ? ਇਹ ਮਸਲਾ ਵੱਧ ਅਧਿਕਾਰਾਂ ਲਈ ਹੀ ਹੈ?

ਕਾਮਰੇਡ ਸੁਰਜੀਤ:— ਮਸਲਾ ਜੇ ਸੂਬਿਆਂ ਦੇ ਵੱਧ ਅਧਿਕਾਰਾਂ ਜਾਂ autonomy ਦਾ ਹੀ ਹੋਵੇ ਤਾਂ ਠੀਕ ਹੈ। ਇਸ ਮਾਮਲੇ ਨੂੰ ਜਿਵੇਂ ਹੁਣ ਬਾਦਲ ਪੇਸ਼ ਕਰ ਰਿਹਾ ਹੈ, ਉਸ ਦੀ ਸਾਰੇ ਸਪੋਰਟ ਕਰਨਗੇ। ਇਹ ਮਸਲਾ ਸਭ ਤੋਂ ਪਹਿਲਾਂ ਸਾਡੀ ਪਾਰਟੀ ਨੇ ਉਠਾਇਆ। ਅਸੀਂ ਇਸ ਦੇ ਮਦੱਈ ਹਾਂ। ਪਰ ਅਨੰਦਪੁਰ ਦੇ ਮਤੇ ਵਿਚ ਆਉਂਦਾ ਹੈ ਕਿ ਅਸੀਂ 'ਐਸ਼ਾ ਰਾਜ' ਚਾਹੁੰਦੇ ਹਾਂ ਜਿਥੇ ਸਿੱਖਾਂ ਦਾ ਬੋਲਬਾਲਾ ਹੋਵੇ। ਜਿਸਦਾ ਮਤਲਬ ਇਹ ਹੈ ਕਿ ਉਹ ਇਸਨੂੰ ਧਰਮ ਨਾਲ ਜੋੜਦੇ ਐ ਕਿ ਸਿੱਖਾਂ ਦੀ domination ਹੋਵੇ। ਪਰ ਉਹ ਕਿਹੜੇ ਸਿੱਖਾਂ ਦੀ ਗੱਲ ਕਰਦੇ ਹਨ? ਜਦ ਇਸ ਗੱਲ ਦਾ ਅਸੀਂ ਵਿਰੋਧ ਕਰਦੇ ਹਾਂ ਤਾਂ ਸਾਡਾ ਮੱਤ ਹੈ ਕਿ ਉਹ ਕਿਹੜੇ ਸਿੱਖਾਂ ਦੀ dominance ਚਾਹੁੰਦੇ ਹਨ? ਸਿੱਖ ਜਿਹੜੇ ਹਨ ਉਹ ਵੀ ਜਮਾਤਾਂ ਵਿੱਚ ਵੰਡੇ ਹੋਏ ਹਨ। ਮੈਂ class Angle ਤੋਂ ਗੱਲ ਕਰਦਾ ਹਾਂ। ਉਹ ਕਾਰਖਾਨਿਆਂ ਦੇ ਮਾਲਕ ਵੀ ਹਨ ਤੇ ਮਜ਼ਦੂਰ ਵੀ ਹਨ। ਉਨ੍ਹਾਂ ਦੀ Constant Conflict ਹੈ। ਸੋ ਰਾਜ ਕਿਹੜੇ ਸਿੱਖਾਂ ਦੇ ਹੱਥ ਵਿੱਚ ਹੋਵੇ?

ਸੰਪਾਦਕ:— ਹਿੰਦੁਸਤਾਨ ਦਾ ਵਿਧਾਨਕ ਢਾਂਚਾ ਤਾਂ ਪਹਿਲਾਂ ਹੀ ਫੈਡਰਲ ਹੈ — ਬੇਸ਼ਕ ਅਮਲੀ ਤੌਰ ਤੇ ਗੱਲ ਇਸ ਦੇ ਉਲਟ ਹੈ?

ਕਾਮਰੇਡ ਸੁਰਜੀਤ:— ਜਿਹੜਾ ਹੁਣ ਵਿਧਾਨ ਹੈ ਉਸਨੂੰ ਕਿਹਾ ਤਾਂ ਫੈਡਰਲ ਹੀ ਜਾਂਦਾ ਹੈ ਹਕੀਕਤਨ ਇਹ ਯੂਨਟਰੀ ਹੈ — ਨਿਚੋੜ ਵਿੱਚ ਇਹ ਯੂਨੀਟਰੀ ਹੀ ਰਿਹਾ ਹੈ। ਸੰਵਿਧਾਨ ਵਿਚ ਸਟੇਟ ਤੇ ਫੈਡਰਲ ਸ੍ਰਕਾਰਾਂ ਦੀਆਂ ਤਾਕਤਾਂ defined ਹਨ। ਪਰ ਜਿਹੜੀ ਰਾਜਾਂ ਕੋਲ ਤਾਕਤ ਹੈ ਉਹ ਕੇਵਲ ਨਾਂ ਦੀ ਹੀ ਹੈ ਅਸਲ ਵਿਚ ਕੇਂਦਰ ਹੀ ਆਪਣੀ ਮਰਜ਼ੀ ਕਰਦਾ ਹੈ। . ਜੋ ਅ ਕੀਤਾ ਰਾਜ ਸ੍ਰਕਾਰ ਤੋੜ ਦਿਤੀ, ਚੋਣਾਂ ਦੁਬਾਰਾ ਕਰਵਾ ਦਿਤੀਆਂ। ਅਸੀਂ ਚਾਹੁੰਦੇ ਹਾਂ ਕਿ ਡੀਫੈਂਸ, ਫਾਰਨ ਅਫਰੇਜ਼ ਤੇ ਕਰੰਸੀ ਕੇਂਦਰ ਕੋਲ ਰਹੇ ਪਰ ਰਾਜਾਂ ਦੀਆਂ ਤਾਕਤਾਂ ਨੂੰ ਵਧਾਇਆ ਜਾਵੇ। ਹੁਣ ਸਾਰੀ ਤਾਕਤ ਕੇਂਦਰ ਕੋਲ ਹੀ ਹੈ। ਰਾਜਾਂ ਦੇ ਅਧਿਕਾਰ ਵਧੇਰੇ defined ਹੋਣ। ਜ਼ਮੀਨਾਂ ਦੇ ਸੁਧਾਰ, ਪਾਣੀਆਂ ਦੀ ਵੰਡ। ਗੱਲ ਕੀ ਸਾਰੇ ਮਾਮਲੇ ਲਟਕ ਰਹੇ ਹਨ। ਕੇਂਦਰ ਬਿਨਾਂ ਰਾਜ ਸ੍ਰਕਾਰਾਂ ਕੁਝ ਕਰਨ ਤੋਂ ਅਸਮਰੱਥ ਹਨ। ਵਧ ਅਧਿਕਾਰਾਂ ਵਾਲੇ ਸੂਬੇ ਹੀ ਮੁਲਕ ਦੀ ਏਕਤਾ ਦੇ ਜ਼ਾਮਨ ਹੋ ਸਕਦੇ ਹਨ।

ਸੰਪਾਦਕ:— ਵੱਧ ਅਧਿਕਾਰਾਂ ਦਾ ਅਸਲ ਮਤਲਬ ਤੁਸੀਂ ਕਿਸ ਤੋਂ ਲੈਂਦੇ ਹੋ?

_ਰਜੀਤ:— ਸਾਡਾ ਅਸਲ ਭਾਵ ਹੈ - More powers to States. ਰਾਜਾਂ ਨੂੰ ਵੱਧ ਤਾਕਤ ਦਿੱਤੀ ਜਾਵੇ। ਇਸ ਦੀ ਖਾਤਰ ਅਸੀਂ ਅੱਗੇ ਵੀ ਲੜ ਰਹੇ ਹਾਂ ਤੇ ਭਵਿੱਖ ਵਿੱਚ ਵੀ ਲੜਾਂਗੇ।

ਸੰਪਾਦਕ:— ਜੋ ਵੱਖਵਾਦੀ ਲਹਿਰਾਂ ਜਨਮ ਲੈ ਰਹੀਆਂ ਹਨ ਇਨ੍ਹਾਂ ਲਈ ਕਾਂਗਰਸ ਸ੍ਰਕਾਰਾਂ ਕਿਥੋਂ ਤੱਕ ਜ਼ਿੰਮੇਵਾਰ ਹਨ?

ਕਾਮਰੇਡ ਸੁਰਜੀਤ:— ਇਹ ਕਹਿਣਾ ਠੀਕ ਨਹੀਂ ਕਿ ਇਹ ਕੇਵਲ ਕਾਂਗਰਸ ਸ੍ਰਕਾਰਾਂ ਵਲੋਂ ਕੀਤੀਆਂ ਜਾ ਰਹੀਆਂ ਹਨ। ਪਰ ਫਿਰ ਵੀ ਉਹ ਸਮੇਂ ਸਮੇਂ encourage ਜ਼ਰੂਰ ਕਰਦੀਆਂ ਹਨ। ਪਰ ਜਦੋਂ ਪਾਣੀ ਨੱਕ ਤਾਈਂ ਪਹੁੰਚ ਜਾਂਦਾ ਹੈ ਤਾਂ ਪੈਰ ਪਿਛੇ ਹਟਾਉਂਦੀਆਂ ਹਨ। ਰੋਕਣ ਦੀ ਕੋਸ਼ਿਸ਼ ਵੀ ਕਰਦੀਆਂ ਹਨ।

ਸੰ ਦਕ:— ਕਾਮਰੇਡ ਜੀ। ਤੁਹਾਡੀ ਪਾਰਟੀ ਇਕ ਠੋਸ ਸਿਧਾਂਤ ਤੇ ਖੜੀ ਹੈ। ਜਦ ਕੁਝ ਬੰਦੇ ਸੀ.ਪੀ.ਐਮ. ਤੋਂ ਟੁਟਕੇ ਹੋਰ ਪਾਸੇ ਤੁਰਦੇ ਹਨ ਤਾਂ ਆਮ ਲੋਕਾਂ ਨੂੰ ਹੈਰਾਨੀ ਹੁੰਦੀ ਹੈ। ਜਿਵੇਂ ਕਾਮਰੇਡ ਦਯਾ ਸਿੰਘ ਦਾ ਕਾਂਗਰਸ ਵਿੱਚ ਰਲਣਾ?

ਕਾਮਰੇਡ ਸੁਰਜੀਤ: ਕਈ ਵਾਰ ਬੰਦੇ ਲਹਿਰ ਵਿੱਚ ਉਤਸ਼ਾਹ ਨਾਲ ਸ਼ਾਮਲ ਹੁੰਦੇ ਹਨ ਪਰ ਜਮਾਤੀ ਘੋਲ ਦੀਆਂ ਕਠਨਾਈਆਂ ਨਹੀਂ ਝੱਲ ਸਕਦੇ।

ਸੰਪਾਦਕ:— ਕਾਮਰੇਡ ਤੁਹਾਡਾ ਕਾਫੀ ਵਕਤ ਲੈ ਲਿਆ ਹੈ, ਆਖਰੀ ਸਵਾਲ ਹੈ ਕਿ ਅਕਾਲੀ ਮੋਰਚੇ ਤੋਂ ਪੈਦਾ ਹੋਈਆਂ ਕਠਨਾਈਆਂ ਦਾ ਸਹੀ ਹੱਲ ਲੱਭਣ ਵਿੱਚ ਸੀ.ਪੀ.ਐਮ. ਦਾ ਕੀ ਰੋਲ ਹੋਵੇਗਾ?

ਕਾਮਰੇਡ ਸੁਰਜੀਤ:— ਅਸੀਂ ਪਹਿਲਾਂ ਵੀ ਕੋਸ਼ਿਸ਼ ਕੀਤੀ ਹੈ ਤੇ ਕਰ ਰਹੇ ਹਾਂ। ਸਹੀ ਹੱਲ ਦੀ ਬੁਨਿਆਦ ਮੌਜੂਦ ਹੈ। ਏਨੀ ਲੜਾਈ ਲੜਨ ਪਿਛੋਂ ਕਾਂਗਰਸ ਨਾਲ ਤਾਂ ਸਮਝੌਤਾ ਹੋ ਹੀ ਨਹੀਂ ਸਕਦਾ ਪਰ ਸ੍ਰਕਾਰ ਨਾਲ ਸਮਝੌਤੇ ਦਾ ਆਧਾਰ ਜ਼ਰੂਰ ਮੌਜੂਦ ਹੈ। ਜੇ ਇਹ ਮੋਰਚਾ ਲੰਮਾ ਚਲਦਾ ਰਿਹਾ ਤਾਂ ਨੁਕਸਾਨ ਦੇਹ ਹੋਵੇਗਾ। ਇਸ ਲਈ ਸਮਝੌਤੇ ਵਲ ਕਦਮ ਵਧਣੇ ਜਲਦੀ ਜ਼ਰੂਰੀ ਹਨ।

Do you have a key-person in your business?



Mohinder S.Gill

B.Comm.,M.B.A.,C.G.A.

Life Under Writer

Member Million Dollar Round Table

700Royal Center(Box 11112)

1055 W.Georgia St.,Vancouver.B.C.

V6E 3P3

What would happen if you lost that person? Insure your recouvery

Call:

OFF:682-8441

RES:433-1684

Sunlife

OF,CANADA

Get Your Life in Shape

Buying,Selling or Trading

SUCCESS THROUGH SERVICE & EXPERIENCE



AJAIB JANDA.M.A.(Economics)

In Business Since 1971

AWARD WINNER
of the Medallion Club Member of the I.C.I.Division of the Real Estate Board of Greater Vancouver.

FOR PROFESSIONAL

MARKET EVALUATION OR CONSULTATTION

Without Any Obligation Please Contact

RES.434-4660

BUS.437-9431


UNITED REALTY LTD. 2443 Kingsway,Van.,B.C.

WILL WHEATON

PONTIC BUICK GMC LTD.

325 -12th ST.NEW WEST.

For **New and used cars, station wagons,new & used truck,van and 4x4 jimmy....for all your driving needs.... your well known proofessional salesman**



KULDIP SINGH JHAND

PH:

BUS:526-2781 **RES:524-4137**

Pager 687-7711#7610

PRUDENTIAL
ASSURANCE

For Your Insurance Needs
CONTACT

PIARA SINGH BEESLA M.A.

Supervising Agent

THE PRUDENTIAL

ASSURANCE COMPANY LTD

SUITE 405, 1488-4th AVE.

PRINCE GEORGE,B.C.

Off.(604)562-4448 Res.(604)564-4240

ਤੁਹਾਡੀ ਜਾਣਕਾਰੀ ਲਈ:

ਫੈਡਰਲ ਤੇ ਪ੍ਰੋਵਿਨਸ਼ਲ ਗ੍ਰਾਂਟਾਂ ਕਿਵੇਂ ਮਿਲਣਗੀਆਂ?

ਜਸਵੰਤ ਮਾਂਗਟ

ਕੇਂਦਰੀ ਸ੍ਰਕਾਰ ਵਲੋਂ ਤਿੰਨ ਹਜ਼ਾਰ ਦੀ ਗ੍ਰਾਂਟ, ਬੀ.ਸੀ. ਹੋਮ ਪ੍ਰੋਗਰਾਮ ਅਧੀਨ ਵਿਆਜ ਦੀ ਦਰ ਵਧਣ ਕਾਰਣ ਕਿਸ਼ਤਾਂ ਦੇਣ ਵਿੱਚ ਮਕਾਨ ਮਾਲਕਾਂ ਨੂੰ ਆਈ ਮੁਸ਼ਕਿਲ ਵਿੱਚ ਉਨ੍ਹਾਂ ਦੀ ਸਹਾਇਤਾ ਅਤੇ ਘਰਾਂ ਦੀਆਂ ਡਿੱਗੀਆਂ ਕੀਮਤਾਂ ਕਾਰਨ ਬੀਤੇ ਕੁਝ ਮਹੀਨਿਆਂ ਤੋਂ ਘਰਾਂ ਦੀ ਵਿਕਰੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਗ੍ਰੇਟਰ ਵੈਨਕੂਵਰ ਰੀਅਲ ਇਸਟੇਟ ਬੋਰਡ ਦੇ ਅੰਕੜਿਆਂ ਅਨੁਸਾਰ ਘਰਾਂ ਦੀ ਵਧ ਰਹੀ ਵਿਕਰੀ ਦੇ ਨਾਲ ਨਾਲ ਪਿਛਲੇ ਦੋ ਮਹੀਨਿਆਂ ਵਿੱਚ ਘਰਾਂ ਦੀ ਕੀਮਤ ਵਿੱਚ ਲਗਭਗ 7 ਪ੍ਰਤੀਸ਼ਤ ਵਾਧਾ ਹੋਇਆ ਹੈ।

ਕੀ ਘਰਾਂ ਦੀਆਂ ਕੀਮਤਾਂ ਇਸੇ ਤਰ੍ਹਾਂ ਵਧਦੀਆਂ ਰਹਿਣਗੀਆਂ? ਇਸ ਪ੍ਰਸ਼ਨ ਦਾ ਉੱਤਰ ਅਸੀਂ 'ਕੈਨੇਡਾ ਦਰਪਣ' ਦੇ ਅਗਲੇ ਅੰਕ ਵਿੱਚ ਦੇਣ ਦਾ ਯਤਨ ਕਰਾਂਗੇ। ਇਸ ਅੰਕ ਵਿੱਚ ਕੇਵਲ ਕੇਂਦਰੀ ਸ੍ਰਕਾਰ ਦੀ ਤਿੰਨ ਹਜ਼ਾਰ ਦੀ ਗ੍ਰਾਂਟ ਅਤੇ ਬੀ.ਸੀ. ਹੋਮ ਪ੍ਰੋਗਰਾਮ ਬਾਰੇ ਗੱਲ ਬਾਤ ਕਰਾਂਗੇ।

ਕੇਂਦ੍ਰੀ ਸ੍ਰਕਾਰ ਦੀ 3000 ਦੀ ਗ੍ਰਾਂਟ

ਇਹ ਗ੍ਰਾਂਟ ਤੁਹਾਨੂੰ ਮਿਲ ਸਕਦੀ ਹੈ ਜੇਕਰ

(ੳ) ਤੁਸੀਂ ਨਵਾਂ ਘਰ ਖ੍ਰੀਦ ਰਹੇ ਹੋਵੋ (ਚਾਹੇ ਤੁਸੀਂ ਪਹਿਲਾਂ ਵੀ ਕਿਸੇ ਘਰ ਦੇਮਾਲਕ ਰਹੇ ਹੋਵੋ)

(ਅ) ਤੁਸੀਂ ਪਹਿਲੀ ਵਾਰੀ ਇੱਕ ਪੁਰਾਣਾ ਘਰ ਖ੍ਰੀਦ ਰਹੇ ਹੋਵੋ!

ਇਸ ਗਰਾਂਟ ਲਈ ਕਿਸੇ ਖਾਸ ਆਮਦਨ ਦੀ ਲੋੜ ਨਹੀਂ, ਨਾ ਹੀ ਇਸ ਤੇ ਕੋਈ ਟੈਕਸ ਲਗਦਾ ਹੈ। ਇਸ ਗ੍ਰਾਂਟ ਨਾਲ ਘਰ ਖ੍ਰੀਦਕੇ ਉਸ ਘਰ ਵਿੱਚ ਰਹਿਣ ਦੀ ਮਨਸ਼ਾ ਹੋਣੀ ਜ਼ਰੂਰੀ ਹੈ। ਨਵੇਂ ਘਰ ਵਿੱਚ ਪਹਿਲਾਂ ਕੋਈ ਨਾ ਰਿਹਾ ਹੋਵੇ ਅਤੇ ਉਸ ਦੀ ਨੀਂਹ 1 ਜਨਵਰੀ 1983 ਤੋਂ ਪਹਿਲਾਂ ਰੱਖੀ ਗਈ ਹੋਵੇ। ਘਰ ਦੀ ਸੇਲ 28 ਜੂਨ 1982 ਤੋਂ ਬਾਦ ਹੋਈ ਹੋਵੇ ਭਾਂਵੇ ਇਕਰਾਰ ਨਾਵਾਂ ਪਹਿਲਾਂ ਦਾ ਲਿਖਿਆ ਹੋਵੇ। ਗਰਾਂਟ ਲੈਣ ਲਈ ਇਹ ਜ਼ਰੂਰੀ ਹੈ ਕਿ ਇਕਰਾਰ ਨਾਵਾਂ 31 ਦਸੰਬਰ 1982 ਤੋਂ ਬਾਦ ਦਾ ਲਿਖਿਆ ਨਾ ਹੋਵੇ ਕਿਉਂਕਿ ਗ੍ਰਾਂਟ ਦਾ ਪ੍ਰੋਗਰਾਮ ਕੇਵਲ 31 ਦਸੰਬਰ 1982 ਤੱਕ ਹੀ ਲਾਗੂ ਰਹੇਗਾ। ਘੱਟ ਤੋਂ ਘੱਟ 10 ਪ੍ਰਤੀਸ਼ਤ ਡਾਊਨ ਪੇਮੈਂਟ ਤੁਹਾਡੀ ਆਪਣੀ ਹੋਣੀ ਜ਼ਰੂਰੀ ਹੈ। ਗ੍ਰੇਟਰ ਵੈਨਕੂਵਰ ਵਿੱਚ ਇਸ ਗ੍ਰਾਂਟ ਲਈ ਘਰ ਦੀ ਕੀਮਤ $150,000 ਤੋਂ ਘੱਟ ਹੋਣੀ ਜ਼ਰੂਰੀ ਹੈ।

ਕਈ ਸੰਸਥਾਵਾਂ ਕੇਂਦਰੀ ਸ੍ਰਕਾਰ ਤੇ ਜ਼ੋਰ ਪਾ ਰਹੀਆਂ ਹਨ ਕਿ ਇਸ ਗਰਾਂਟ ਦੇ ਪ੍ਰੋਗਰਾਮ ਨੂੰ 31ਦਸੰਬਰ 198੨ ਤੋਂ ਬਾਦ ਵੀ ਜਾਰੀ ਰੱਖਿਆ ਜਾਏ। ਘਰ ਕੇਂਦਰੀ ਸ੍ਰਕਾਰ ਦੇ ਘਾਟੇ ਵਾਲੇ ਬਜਟ ਕਾਰਣ ਸ਼ੱਕ ਕੀਤੀ ਜਾਂਦੀ ਹੈ ਕਿ ਇਹ ਗ੍ਰਾਂਟ ਚਾਲੂ ਨਹੀਂ ਰਹਿ ਸਕੇਗੀ।

ਬੀ.ਸੀ. ਹੋਮ ਪ੍ਰੋਗਰਾਮ

ਇਹ ਪ੍ਰੋਗਰਾਮ ਬੀ.ਸੀ. ਦੀ ਸ੍ਰਕਾਰ ਵਲੋਂ ਉਨ੍ਹਾਂ ਮਕਾਨ ਮਾਲਕਾਂ ਦੀ ਸਹਾਇਤਾ ਕਰਨ ਲਈ ਅਰੰਭਿਆ ਗਿਆ ਹੈ ਜਿਨ੍ਹਾਂ ਨੂੰ ਵਿਆਜ ਦੀ ਦਰ ਕਾਰਣ ਆਪਣੀਆਂ ਕਿਸ਼ਤਾਂ ਦੇਣ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ। ਇਹ ਪ੍ਰੋਗਰਾਮ ਪਹਿਲੀ ਅਕਤੂਬਰ 1982 ਤੋਂ ਚਾਲੂ ਹੋਕੇ ਤਿੰਨਾਂ ਸਾਲਾਂ ਤੱਕ, ਯਾਨੀ ਸਤੰਬਰ 1985, ਤੱਕ ਲਾਗੂ ਰਹੇਗਾ। ਇਸ ਪ੍ਰੋਗਰਾਮ ਅਧੀਨ ਸ੍ਰਕਾਰ ਵਲੋਂ ਦਿੱਤੇ ਪੈਸੇ ਸਤੰਬਰ 1986 ਤੱਕ ਨਹੀਂ ਮੋੜਨੇ ਪੈਣਗੇ।

ਇਹ ਸਹਾਇਤਾ ਲਈ ਜ਼ਰੂਰੀ ਹੈ:

ੳ. ਘਰ ਜਾਂ ਮੋਬਿਲ ਹੋਮ ਤੁਹਾਡੇ ਨਾਂ ਹੋਵੇ।

ਅ. ਘਰ ਤੇ ਦਰਜ ਮਾਰਗੇਜਾਂ ਦੀ ਦਰ 12% ਤੋਂ ਵੱਧ ਹੋਵੇ।

ੲ. ਘਰ ਦੇ ਵਿੱਚ ਤੁਸੀਂ ਖੁਦ ਰਹਿੰਦੇ ਹੋਵੋ।

ਸ. ਕਿਸੇ ਕਿਸਮ ਦਾ ਅਦਾਲਤੀ ਹੁਕਮ ਉਸ ਘਰ ਦੇ ਖਿਲਾਫ ਦਰਜ ਨਾ ਹੋਵੇ।

ਇਸ ਯੋਜਨਾਂ ਅਧੀਨ ਸਹਾਇਤਾ 261.00 ਮਹੀਨਾਂ ਤੱਕ ਮਿਲ ਸਕਦੀ ਹੈ। ਤੁਹਾਡੇ ਘਰ ਤੇ $60,000 ਤੱਕ ਦੀ ਮਾਰਗੇਜ ਉੱਤੇ ਇਹ ਸਹਾਇਤ੍ਰੀਂ ਮਿਲ ਸ੍ਰਕਦੀ ਹੈ।

ਜੇਕਰ ਪਹਿਲੀ ਅਕਤੂਬਰ 1982 ਤੋਂ ਪਹਿਲਾਂ ਵੀ ਤੁਹਾਡੀ ਮਾਰਗੇਜ ਦਾ ਵਿਆਜ 12 ਪ੍ਰਤੀਸ਼ਤ ਤੋਂ 18 ਪ੍ਰਤੀਸ਼ਤ ਤੱਕ ਸੀ, ਇਸ ਯੋਜਨਾਂ ਅਧੀਨ ਸਹਾਇਤਾ ਨਾਲ ਤੁਹਾਡੀ ਮਹਾਵਾਰੀ ਕਿਸ਼ਤ ਘੱਟਕੇ 12 ਪ੍ਰਤੀਸ਼ਤ ਵਿਆਜ ਦੀ ਦਰ ਨਾਲ ਬਣੀ ਕਿਸ਼ਤ ਦੇ ਬਰਾਬਰ ਹੋ ਸਕਦੀ ਹੈ। ਕਿਸ਼ਤ ਲਈ ਬਾਕੀ ਪੈਸੇ ਸ੍ਰਕਾਰ ਤੁਹਾਡੇ ਬੈਂਕ, ਕ੍ਰੈਡਿਟ ਯੂਨੀਅਨ ਜਾਂ ਟ੍ਰੱਸਟ ਕੰਪਨੀ ਵਿੱਚ ਜਮ੍ਹਾਂ ਕਰਵਾ ਦੇਵੇਗੀ।

ਇਸ ਯੋਜਨਾਂ ਅਧੀਨ ਦਿੱਤੀ ਸਹਾਇਤਾ ਸਤੰਬਰ 1986 ਤੱਕ ਮੋੜਨੀ ਜ਼ਰੂਰੀ ਹੈ। ਇਸ ਰਕਮ ਤੇ ਕੋਈ ਵਿਆਜ ਨਹੀਂ ਹੋਵੇਗਾ। ਜੇਕਰ ਤੁਸੀਂ ਉਹ ਘਰ ਜਿਸਤੇ ਇਹ ਸਹਾਇਤਾ ਲਈ ਹੋਵੇ ਵੇਚੋਗੇ ਤਾਂ ਸਹਾਇਤਾ ਵਜੋਂ ਮਿਲੇ ਪੈਸੇ ਸ੍ਰਕਾਰ ਨੂੰ ਮੋੜਨੇ ਪੈਣਗੇ। 18 ਪ੍ਰਤੀਸ਼ਤ ਤੋਂ ਉੱਪਰ ਵਿਆਜ ਨੂੰ 18 ਪ੍ਰਤੀਸ਼ਤ ਮੰਨਕੇ ਘਰ ਤੇ ਕੇਵਲ ਪਹਿਲੇ $60,000 ਉਪਰ ਹੀ ਇਹ ਸਹਾਇਤਾ ਮਿਲ ਸਕਦੀ ਹੈ।

ਭਾਂਵੇ ਸਹਾਇਤਾ ਵਲੋਂ ਦਿੱਤੇ ਇਹ ਪੈਸੇ ਮੋੜਨੇ ਹੀ ਪੈਣਗੇ ਪਰ ਸਾਡੇ ਵਿਚਾਰ ਅਨੁਸਾਰ ਹਰ ਵਿਅਕਤੀ ਵੀ ਜੋ ਇਸਦਾ ਲਾਭ ਉਠਾ ਸਕਦਾ ਹੈ ਉਠਾਉਣਾ ਚਾਹੀਦਾ ਹੈ। ਕੇਂਦਰੀ ਸ੍ਰਕਾਰ ਵਲੋਂ ਦਿੱਤੀ ਜਾ ਰਹੀ ਗ੍ਰਾਂਟ ਅਤੇ ਬੀ.ਸੀ. ਹੋਮ ਪ੍ਰੋਗਰਾਮ ਅਧਹੀਨ ਸਹਾਇਤਾ ਬਾਰੇ ਵਧੇਰੇ ਜਾਣਕਾਰੀ ਤੁਹਾਨੂੰ ਆਪਣੇ ਰੀਅਲ ਇਸਟੇਟ ਏਜੰਟ ਕੋਲੋਂ ਮਿਲ ਸਕਦੀ ਹੈ।



ਫ਼ਾਰਮ ਕਾਮਾ

ਜਰਨੈਲ ਸਿੰਘ ਦਿਓਲ ਸੁਰਗਵਾਸ

ਵੈਨਕੂਵਰ: ਫ਼ਾਰਮ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਜ ਚੌਹਾਨ ਹੋਰਾਂ ਸੂਚਨਾਂ ਦਿੱਤੀ ਹੈ ਕਿ ਫਾਰਮ ਵਿੱਚ ਕੰਮ ਕਰਦੇ 19 ਸਾਲਾ ਜਰਨੈਲ ਸਿੰਘ ਦਿਓਲ ਦੀ 30 ਅਕਤੂਬਰ ਸਵੇਰੇ ਤਿੰਨ ਵਜੇ ਦੁਖਦਾਈ ਮੌਤ ਦੀ ਖਬਰ ਮਿਲੀ ਹੈ।

ਸ੍ਰੀ ਦਿਓਲ ਦੋ ਵਾਰ ਹਸਪਤਾਲ ਵੱਖ ਵੱਖ ਮੌਕਿਆਂ ਤੇ ਦਾਖਲ ਕਰਵਾਏ ਗਏ। ਪੈਸਟੀਸਾਈਡ (ਕੀੜੇ-ਨਾਸ਼ਕ ਦਵਾਈ) ਕਾਰਨ ਉਹ ਬੀਮਾਰ ਹੋਏ। ਇੱਕ ਹੀ ਫਾਰਮ ਵਿੱਚੋਂ 6 ਕਾਮੇ ਹਸਪਤਾਲ ਦਾਖਲ ਕਰਵਾਏ ਗਏ। ਪਰ ਪੜਤਾਲ ਅਜੇ ਤੱਕ ਮੁਕੰਮਲ ਨਹੀਂ ਹੋਈ।

ਇਸ ਤੋਂ ਪਹਿਲਾਂ 1980 ਵਿੱਚ ਸ੍ਰਕਾਰ ਦੀ ਬੇਅਮਲੀ ਕਾਰਨ ਸੁਖਦੀਪ ਮਢਾਰ ਦੀ ਮੌਤ ਹੋਈ ਸੀ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ·

ਪਿਛਲੇ ਦਨੀਂ ਪੰਜਾਬੀ ਸਾਹਿਤ ਸਭਾ ਵੈਨਕੂਵਰ ਦੀਆਂ ਕੁਝ ਹੰਗਾਮੀ ਮੀਟਿੰਗਾਂ ਹੋਈਆਂ ਸੁਹਿਰਦ ਸਾਹਿਤਕਾਰਾਂ ਨੇ ਸਭਾ ਵਿਚ ਲਗਾਤਾਰ ਹੋਈਆਂ ਅਸੰਵਿਧਾਨਕ ਗੱਲਾਂ ਤੇ ਵਿਚਾਰ ਵਟਾਂਦਰੇ ਬਾਅਦ ਇਹ ਫੈਸਲਾ ਕੀਤਾ ਕਿ ਸਭਾ ਦੇ ਸੰਵਿਧਾਨ ਨੂੰ ਸੋਧਕੇ ਸੁਸਾਇਟੀ ਐਕਟ ਦੇ ਅਧੀਨ ਰਜਿਸਟਰ ਕਰਵਾਇਆ ਜਾਵੇ। ਸਭਾ ਦਾ ਸੰਵਿਧਾਨ ਰਜਿਸਟਰ ਹੋ ਚੁੱਕਾ ਹੈ।

ਸਭਾ ਦੀ 7 ਨਵੰਬਰ 1982 ਦੀ ਮੀਟਿੰਗ, ਜੋ ਕਿ ਗਰੈਂਡਵਿਊ ਕਮਿਊਨਿਟੀ ਸੈਂਟਰ ਵੈਨਕੂਵਰ ਵਿਖੇ ਹੋਣੀ ਸੀ, ਕੈਂਸਲ ਕੀਤੀ ਜਾਂਦੀ ਹੈ। ਸਭਾ ਦੀ ਅਗਲੀ ਮੀਟਿੰਗ ਦੀ ਸੂਚਨਾ ਜਲਦੀ ਹੀ ਦਿੱਤੀ ਜਾਵੇਗੀ।

ਪੰਜਾਬੀ ਦੇ ਸਾਹਿਤਕਾਰਾਂ ਨੂੰ ਸੰਵਿਧਾਨ ਅਨੁਸਾਰ ਸਭਾ ਦੀ ਮੈਂਬਰਸ਼ਿਪ ਲੈਣ ਵਾਸਤੇ ਦਰਖਾਸਤਾਂ ਦੇਣ ਲਈ ਸਭਾ ਵਲੋਂ ਸੱਦਾ ਦਿੱਤਾ ਜਾਂਦਾ ਹੈ। ਸੰਵਿਧਾਨ ਅਤੇ ਨਿਯਮਾਂ ਦੀ ਕਾਪੀ ਇਕ ਡਾਲਰ ਭੇਜ ਕੇ ਹੇਠ ਲਿਖੇ ਸੇਵਕਾਂ ਪਾਸੋਂ ਪ੍ਰਾਪਤ ਕੀਤੀ ਜਾ ਸਕਦੀ ਹੈ:

ਜਸਵੰਤ ਮਾਂਗਟ 876-1629

ਹਰਦੇਵ ਵੜੈਚ 590-4681


GOYAL IMPORT-EXPORT LTD.

IMPORT-WHOLESALE-RETAIL

Electronic Goods — Video Cassettes — Gifts

Esquire Distributor for Western Canada

Proudly announce a grand sale on PANASONIC VIDEO PRODUCTS




Rajinder Goyal

World's lightest and most advance portable Video Machine

Best Selling Video Machines 1983 Models



PV-1265K



PV-5500K Omnivision VHS

8-Hour/3-Speed Portable Video Cassette Recorder (PV-5000K) with Wireless Remote Programmable Tuner (PV-A500K)

ਦੁਨੀਆਂ ਭਰ ਦੀਆਂ
ਮਸ਼ੀਨਾਂ ਵਿਚੋਂ ਭਾਰ
ਵਿਚ ਹਲਕੀ ਤੇ ਐਡਵਾਂਸ
ਪੋਰਟੇਬਲ ਮਸ਼ੀਨ

Available at very Special Prices

MAIL ORDERS ACCEPTED

ਕੀਮਤ ਹੁਣ ਇਤਨੀ ਘਟਾ ਦਿਤੀ ਗਈ ਹੈ ਕਿ ਤੁਸੀਂ ਯਕੀਨ ਹੀ ਨਹੀਂ ਕਰੋਗੇ

We Rent, Sell & Exchange Movies at very Reasonable Prices

Biggest Selection of New/Old Hindi/Punjabi Video Movies

We Also Sell TOSHIBA, SANYO and FISHER VIDEO MACHINES

NEW RELEASES—

Prem Rog, Wagt Ke Shahzade, Do Dishane Dev Das(Dalip Kumar), Mere Bhaia, Sahas.

Coming Soon

Bagabat, Mahan, Vidhata.

Punjabi: SADAN JOGAN

We have a large selection of 220V Electrical Appliances at very Special Prices

For More Information, Please PHONE at (604) 873-8308

4160 & 4156 FRASER ST., VANCOUVER, B.C. V5V 4E8

PHONE: 873-8308 • 873-8309

ਰਾਜ ਕੁਮਾਰ ਐਂਡਰਿਊ ਤੇ ਅਭਿਨੇਤਰੀ

'ਕੂ' ਦੇ ਇਸ਼ਕ ਦੀ ਕਹਾਣੀ...!

ਐਂਡਰਿਊ ਤੇ 'ਕੂ' ਦਾ ਇਸ਼ਕ ਜਦੋਂ ਜ਼ਾਹਿਰ ਹੋਇਆ ਤਾਂ ਰਾਜ ਮਹੱਲ ਦੀਆਂ ਕੰਧਾਂ ਡੋਲ ਗਈਆਂ ★ ਸਰਦੀਆਂ 'ਚ ਡਿਸਕੋ ਵਿਚ ਹੋਈ ਇਕ ਮੁਲਾਕਾਤ, ਜੋ ਇਤਿਹਾਸ ਬਣ ਗਈ ★ ਮੈਂ ਦੋ-ਤਿੰਨ ਵਾਰ ਰਾਜ ਕੁਮਾਰ ਨੂੰ 'ਕੂ' ਦੇ ਕਮਰੇ 'ਚੋਂ ਨਿਕਲਦਿਆਂ ਦੇਖਿਆ। ਹਰ ਵਾਰ ਉਹ ਥੱਕਿਆ ਹੁੰਦਾ ਸੀ—ਕੂ ਦੀ ਨਿਜੀ ਨੌਕਰਾਣੀ ਦਾ ਬਿਆਨ

ਚਾਰਲਸ ਅਤੇ ਉਨ੍ਹਾਂ ਦੀ ਪਤਨੀ ਲੇਡੀ ਡਾਇਨਾ ਦੇ ਸਾਊਪਣੇ ਅਤੇ ਸਲੀਕੇ ਦੀਆਂ ਗੱਲਾਂ ਸੁਣਦੇ-ਸੁਣਦੇ ਜੇਕਰ ਤੁਸੀਂ ਅੱਕ ਗਏ ਹੋ—ਤਾਂ ਕੋਈ ਗੱਲ ਨਹੀਂ—ਤੁਹਾਡੀ ਖਿਦਮਤ ਵਿਚ ਰੈਂਡੀ ਐਂਡੀ ਅਤੇ ਹੁਸਨਪਰੀ ਕੂ ਸਟਾਰਕ ਦਾ ਕਿੱਸਾ ਹਾਜ਼ਰ ਹੈ। ਜਿਨ੍ਹਾਂ ਨੇ ਇੰਗਲੈਂਡ ਦੇ ਅਖਬਾਰਾਂ ਦੇ ਗੜ੍ਹ ਫਲੀਟ ਸਟਰੀਟ ਨੂੰ ਆਪਣੀਆਂ ਪਰੇਮ ਕਹਾਣੀਆਂ ਦਾ ਐਨਾ ਮਸਾਲਾ ਮੁਹੱਈਆ ਕੀਤਾ ਹੈ ਕਿ ਜਿਸ ਨੂੰ ਸੁਆਦ ਲੈ-ਲੈ ਕੇ ਉਦੋਂ ਤਕ ਪੜ੍ਹਿਆ ਜਾਂਦਾ ਰਹੇਗਾ ਜਦੋਂ ਤਕ ਕੋਈ ਨਵਾਂ ਅਫਸਾਨਾ ਨਹੀਂ ਛਿੜ ਪੈਂਦਾ।

ਰੈਂਡੀ ਰਾਜਕੁਮਾਰ ਚਾਰਲਸ ਦੇ ਛੋਟੇ ਭਰਾ 22 ਸਾਲ ਐਂਡਰਿਊ ਦਾ ਨਾਂ ਹੈ ਅਤੇ "ਕੂ" ਉਸ 25 ਸਾਲਾ ਅਭਿਨੇਤਰੀ ਕੈਥਲੀਨ ਸਟਾਰਕ ਨੂੰ ਕਹਿੰਦੇ ਹਨ, ਜਿਸਨੇ "ਐਮਿਲੀ" ਨਾਮੀ ਅਸ਼ਲੀਲ ਫਿਲਮ ਵਿਚ ਕੰਮ ਕਰਕੇ ਫਿਲਮ ਦਰਸ਼ਕਾਂ ਦੇ ਦਿਲ ਦੀਆਂ ਤਾਰਾਂ ਹਿਲਾ ਦਿਤੀਆਂ ਸਨ।

ਪਿਛਲੇ ਦਿਨੀਂ ਰੈਂਡੀ ਐਂਡੀ ਅਤੇ ਕੂ ਸਟਾਰਕ ਭੇਸ ਬਦਲਕੇ ਕੈਰੀਬੀਅਨ ਦੇ ਇਕ ਸ਼ਾਹੀ ਘਰਾਣੇ ਦੇ ਇਕ ਪ੍ਰਾਈਵੇਟ ਟਾਪੂ ਤੇ ਮਨੋਰੰਜਨ ਲਈ ਚਲੇ ਗਏ ਅਤੇ ਅਖਬਾਰਾਂ ਨੇ ਇਹ ਖਬਰ ਉਡਾ ਦਿਤੀ ਤਾਂ ਬ੍ਰਿਟੇਨ ਦੇ ਸ਼ਾਹੀ ਘਰਾਣੇ ਵਿਚ ਅਜਿਹਾ ਭੁਚਾਲ ਆਇਆ ਕਿ ਉਸਦੇ ਝਟਕੇ ਅਜੇ ਤਕ ਮਹਿਸੂਸ ਹੋ ਰਹੇ ਹਨ। ਬ੍ਰਿਟੇਨ ਦੇ ਸ਼ਾਹੀ ਘਰਾਣੇ ਦੇ ਮੈਂਬਰਾਂ ਦਾ ਫਿਲਮ ਅਭਿਨੇਤਰੀਆਂ ਨਾਲ ਚਿਪਕਣਾ ਤਾਂ ਬੜੀ ਪੁਰਾਣੀ ਗੱਲ ਹੈ ਪਰੰਤੂ ਅਜਿਹਾ ਪਹਿਲਾਂ ਕਦੀ ਨਹੀਂ ਹੋਇਆ ਸੀ ਕਿ ਸ਼ਾਹੀ ਘਰਾਣੇ ਦਾ ਕੋਈ ਮੈਂਬਰ ਆਪਣੇ ਨਾਲ ਕਿਸ "ਬਲਿਊ ਫਿਲਮ" ਦੀ ਅਭਿਨੇਤਰੀ ਨੂੰ ਹੀ ਲੈ ਗਿਆ ਹੋਵੇ। ਇਹ ਵੱਖਰੀ ਗੱਲ ਹੈ ਕਿ "ਸਟਾਰ ਵਾਰਜ਼" ਵਰਗੀਆਂ ਫਿਲਮਾਂ ਵਿਚ ਛੋਟੇ-ਮੋਟੇ ਰੋਲ ਕਰਕੇ ਹੁਣ ਕੂ ਸਟਾਰਕ ਆਪਣੀ ਸ਼ਖਸੀਅਤ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ। ਪਰੰਤੂ ਬੁਨਿਆਦੀ ਤੌਰ ਤੇ ਤਾਂ ਉਹ ਬਲਿਊ ਫਿਲਮਾਂ ਦੀ ਅਭਿਨੇਤਰੀ ਹੀ ਹੈ।

ਪਹਿਲੀ ਮੁਲਾਕਾਤ

ਰੈਂਡੀ ਅਤੇ ਕੂ ਦੀ ਪਹਿਲੀ ਮੁਲਾਕਾਤ ਪਿਛਲੀਆਂ ਸਰਦੀਆਂ ਵਿਚ ਲੰਡਨ ਦੇ "ਟਰੈਂਗਸ" ਨਾਮੀ ਡਿਸਕੋ ਵਿਚ ਹੋਈ ਸੀ। ਰਾਜਕੁਮਾਰ ਦੇ ਅਗੇ ਪਿਛੇ ਚਮਚਿਆਂ ਦੀ ਭੀੜ ਸੀ ਅਤੇ ਕੂ ਨੇ ਉਨ੍ਹਾਂ ਲੋਕਾਂ ਨੂੰ ਜ਼ਰਾ ਸਾਰੀ ਦਾ ਦਾਨ ਬਖਸ਼ਣ ਦੀ ਅਪੀਲ ਕੀਤੀ ਸੀ। "ਛਡੋ ਇਹ ਫੰਡ ਚੀਜ਼ ਅਤੇ ਸਾਡੀ ਟੋਲੀ ਵਿਚ ਸ਼ਾਮਲ ਹੋ ਜਾਓ" ਰਾਜਕੁਮਾਰ ਦਾ ਜੁਆਬ ਸੀ। ਦੋਹਾਂ ਵਿਚਾਲੇ ਇਹ ਪਹਿਲੀ ਨਜ਼ਰ ਦਾ ਪਿਆਰ ਸੀ। ਰਾਜਕੁਮਾਰ ਬਾਅਦ ਵਿਚ ਫਾਕਲੈਂਡ ਦੇ ਯੁੱਧ ਵਿਚ ਰੁਝ ਗਿਆ ਤਾਂ ਕੂ ਨੂੰ ਤਾਂ ਜਾਪੀ ਉਸਦੀ ਤਸਵੀਰ ਆਪਣੇ ਨਾਲ ਲਿਜਾਣਾ ਨਾ ਭੁੱਲਿਆ ਜਿਸਨੂੰ ਉਸਨੇ ਆਪਣੇ ਕੈਬਿਨ ਦੀ ਦੀਵਾਰ ਤੇ ਲਟਕਾ ਦਿਤਾ ਸੀ।

ਇਧਰ ਕੂ ਦਾ ਵੀ ਬੁਰਾ ਹਾਲ ਸੀ। ਤਕਰੀਬਨ ਹਰ ਰੋਜ਼ ਰਾਜਕੁਮਾਰ ਦੀ ਯਾਦ ਵਿਚ ਉਹ ਚੀਕ ਉਠਦੀ ਕਿ ਕਿਤੇ ਯੁੱਧ ਵਿਚ ਕੋਈ ਉਸਦੇ ਦਿਲਬਰਾਂ ਨੂੰ ਕੁਝ ਹੋ ਨਾ ਜਾਵੇ ਅਤੇ ਜਦੋਂ ਰਾਜਕੁਮਾਰ ਫਾਕਲੈਂਡ ਤੋਂ ਵਾਪਿਸ ਆਇਆ ਤਾਂ ਤਿੰਨ ਦਿਨਾਂ ਲਈ ਉਸਨੂੰ ਆਪਣੇ ਨਾਲ ਬਾਲਮੋਰਲ ਲੈ ਗਿਆ।

ਇਥੇ ਰਾਜਕੁਮਾਰ ਦੀ ਮੁਲਾਕਾਤ ਰਾਣੀ ਨਾਲ ਹੋਈ। ਜਦੋਂ ਰਾਣੀ ਕੋਲ ਦੋਹਾਂ ਦੇ ਪਿਆਰ ਜ਼ਾਹਿਰ ਹੋਇਆ ਅਤੇ



'ਨਹੀਂ ਭੁਲਣਾ ਵਿਛੋੜਾ ਤੇਰਾ'—ਕੂ ਸਟਾਰਕ ਜਦੋਂ ਰਾਜ ਕੁਮਾਰ ਤੋਂ ਨਿੱਖੜ ਕੇ ਮਿਆਮੀ ਸਥਿਤ ਆਪਣੇ ਘਰ ਜਾਣ ਲਈ ਜਹਾਜ਼ ਫੜਨ ਲੱਗੀ ਤਾਂ ਉਸ ਦੀਆਂ ਅੱਖਾਂ ਵਿਚ ਹੰਝੂ ਸਨ। ਉਸ ਵਲੇ ਦੀ 'ਕੂ' ਦੀ ਤਸਵੀਰ

ਰੈਂਡੀ ਨੇ ਕਿਹਾ, "ਮੈਂ ਜਾਣਦਾ ਹਾਂ ਕਿ ਇਸਦਾ ਨਤੀਜਾ ਤਬਾਹੀ ਦੇ ਰੂਪ ਵਿਚ ਨਿਕਲੇਗਾ ਪਰ ਕੀ ਕਰਾਂ, ਮੈਂ ਸੱਚਮੁੱਚ ਇਸਨੂੰ ਪਿਆਰ ਕਰਦਾ ਹਾਂ।"

ਸਾਨੂੰ ਸੁੰਨੇ ਛੱਡ ਦਿਓ

ਪਰੇਮੀ ਜੋੜਾ ਸੁੰਨਾਪਣ ਚਾਹੁੰਦਾ ਸੀ ਪਰ ਅਖਬਾਰ ਵਾਲਿਆਂ ਤੋਂ ਬਚਣਾ ਸੰਭਵ ਕਿਥੇ ਸੀ? "ਡੇਲੀ ਐਕਸਪਰੈਸ" ਦੇ ਪੱਤਰਕਾਰ ਫਿਲਿਪਸ ਵਿਕੀ ਨੇ ਬੀਤੇ ਸਤੰਬਰ ਵਿਚ ਇਹ ਭੇਦ ਖੋਲ੍ਹਿਆ ਕਿ ਅਲੜ੍ਹ ਮੁਟਿਆਰ ਸ਼ਾਹੀ ਘਰਾਣੇ ਦੇ ਸੱਦੇ ਦੀ ਉਡੀਕ ਵਿਚ ਹੈ ਅਤੇ ਇਸ ਦੇ ਕੁਝ ਦਿਨਾਂ ਦੇ ਬਾਅਦ ਹੀ ਐਕਸਪਰੈਸ ਨੇ ਹੀ ਰੈਂਡੀ ਐਂਡੀ ਦੀ ਗੁਪਤ ਮਸਟਿਕ ਦੀਪ ਵਿਖੇ ਤਿਹਾਟਿਸ਼ ਦੀ ਖਬਰ ਛਾਪ ਕੇ ਇਕ ਹੋਰ ਧਮਾਕਾ ਕਰ ਦਿਤਾ। ਇਸ ਦੀਪ ਤੇ ਰਾਜਕੁਮਾਰੀ ਮਾਰਗਰੇਟ ਦਾ ਇਕ ਮਕਾਨ ਹੈ।

ਰੈਂਡੀ ਅਤੇ ਕੂ ਨੇ ਇਹ ਯਾਤਰਾ ਗੁਪਤ ਰੱਖਣ ਦੀ ਕਾਫੀ ਕੋਸ਼ਿਸ਼ ਕੀਤੀ ਸੀ ਅਤੇ ਉਨ੍ਹਾਂ ਸ੍ਰੀ ਅਤੇ ਸ੍ਰੀਮਤੀ ਕੈਂਬਰਿਜ ਦੇ ਨਾਂ ਨਾਲ ਜਹਾਜ਼ ਦੀਆਂ ਟਿਕਟਾਂ ਕਟਾਈਆਂ ਸਨ। ਕੂ ਦੀ ਮਾਂ ਵੀ ਨਾਲ ਗਈ ਸੀ ਪਰ ਅਖਬਾਰ ਵਾਲਿਆਂ ਨੇ ਇਨ੍ਹਾਂ ਤੇ ਕੋਈ ਰਹਿਮ ਨਾ ਕੀਤਾ। "ਸਨ" ਨੇ "ਕੂ" ਦੀਆਂ ਪੁਰਾਣੀਆਂ ਫਿਲਮਾਂ ਦੇ ਦੋ ਭੜਕਾਊ ਚਿੱਤਰ "ਦਿਲ ਲੁੱਟ ਲਿਜਾਣ" ਵਾਲੇ ਕੈਪਸ਼ਨਾਂ ਨਾਲ ਲਾਕੇ ਖਬਰ ਛਾਪ ਦਿਤੀ। "ਡੇਲੀ ਮਿਰਰ" ਨੇ ਪਾਰਦਰਸ਼ੀ ਕਾਕਟੇਲ ਡਰੈਸ ਵਿਚ ਉਸਦੀ ਤਸਵੀਰ ਛਾਪਦੇ ਹੋਏ "ਕੂ" ਦੀ ਨਿੱਜੀ ਸਪੇਨਿਸ਼ ਨੌਕਰਾਣੀ ਮਾਰੀਆ ਰੋਡ੍ਰਿਗਸ ਨੂੰ ਇਹ ਕਹਿੰਦੇ ਹੋਏ ਦਸਿਆ ਸੀ, "ਮੈਂ ਦੋ ਜਾਂ ਤਿੰਨ ਵਾਰ ਰਾਜਕੁਮਾਰ ਨੂੰ "ਕੂ" ਦੇ ਕਮਰੇ ਵਿਚੋਂ, ਨਿਕਲਦੇ ਦੇਖਿਆ ਹੈ।

"ਨੌ ਸਵਾ ਨੌ ਵਜੇ ਸਵੇਰ ਦਾ ਵੇਲਾ ਸੀ ਅਤੇ ਰਾਜਕੁਮਾਰ ਕਾਫੀ ਥਕਿਆ ਹੋਇਆ ਦਿਖਾਈ ਦੇ ਰਿਹਾ ਸੀ ਹਰ ਵਾਰ ਮੈਂ ਇਸੇ ਹਾਲਤ ਵਿਚ ਉਨ੍ਹਾਂ ਨੂੰ ਦੇਖਿਆ।"

ਬੀ. ਬੀ. ਸੀ. ਨੇ ਆਪਣੀਆਂ ਦੇਰ ਗਏ ਰਾਤ ਦੀਆਂ ਖਬਰਾਂ ਵਿਚ ਕੂ ਦਾ "ਸਟ੍ਰਿਪ" ਕਰਦੇ ਹੋਇਆਂ ਚਿੱਤਰ ਦਿਖਾ ਦਿਤਾ ਤਾਂ ਬ੍ਰਿਟਿਸ਼ ਪਾਰਲੀਮੈਂਟ ਵਿਚ "ਕੰਜ਼ਰਵੇਟਿਵ" ਮੈਂਬਰ ਜੈਕ ਐਸਪਿਨਵਾਲ ਇਹ ਟਿਪਣੀ ਕਰਨ ਲਈ ਮਜਬੂਰ ਹੋ ਗਿਆ ਕਿ "ਲੋਕ ਬੇਸ਼ਕ "ਐਡਲਟ" ਸਿਨੇਮਾ ਘਰਾਂ ਵਿਚ ਅਜਿਹੀਆਂ ਤਸਵੀਰਾਂ ਦੇਖਣ ਪਰ ਇਸਨੂੰ ਲੋਕਾਂ ਤੇ ਜ਼ਬਰਦਸਤੀ ਥੋਪਣਾ ਗਲਤ ਗੱਲ ਹੈ।"

ਕੂ ਲਈ ਅਖਬਾਰਾਂ ਦੀ ਹਰ 'ਸੁਰਖੀ' ਪਿਛਲੀ ਸੁਰਖੀ ਨਾਲੋਂ ਵਧ ਬੇਰਹਿਮ ਹੁੰਦੀ ਸੀ। "ਸਨ" ਨੇ ਉਸਦੇ ਰਾਬਰਟ ਵਿਨਸਰ ਨਾਮੀ ਇਕ ਪਰੇਮੀ ਦਾ ਕਿੱਸਾ ਛਾਪ ਦਿਤਾ। ਜਿਸ ਨਾਲ ਉਹ ਚਾਰ ਸਾਲਾਂ ਤਕ ਰਹੀ ਸੀ ਅਤੇ ਜਿਸਨੇ ਉਸਨੂੰ 21,000 ਡਾਲਰ ਦਿਤੇ ਸਨ।

ਰਾਣੀ ਨਰਾਜ਼

ਇਸ ਸਭ ਕੁਝ ਤੋਂ ਰਾਣੀ ਕਾਫੀ ਗੁੱਸੇ ਸੀ। ਉਹ ਆਪਣੇ ਪੁੱਤਰ ਦੇ ਹੱਥੋਂ ਖੁਦ ਨੂੰ ਬੇਇੱਜ਼ਤ ਹੋਈ ਮਹਿਸੂਸ ਕਰ ਰਹੀ ਸੀ ਤੇ ਉਹ ਰੈਂਡੀ ਨੂੰ ਆਪਣੇ ਕੋਲ ਬੁਲਾਉਣ ਦਾ ਇਰਾਦਾ ਰੱਖਦੀ ਸੀ ਪਰੰਤੂ ਸ਼ਾਹੀ ਘਰਾਣੇ ਦੇ ਸੂਤਰਾਂ ਅਨੁਸਾਰ ਇਹ ਸਭ ਫਜ਼ੂਲ ਦੀਆਂ ਗੱਲਾਂ ਹਨ। "ਕੂ" ਦੇ ਫਿਲਮ ਨਿਰਮਾਤਾ ਪਿਤਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਬੇਟੀ ਦੀਆਂ "ਐਮਿਲੀ" ਫਿਲਮ ਵਾਲੀਆਂ ਤਸਵੀਰਾਂ "ਬੇਮਤਲਬ" ਹਨ ਅਤੇ ਇਨ੍ਹਾਂ ਨੂੰ ਬਿਨਾਂ ਕਾਰਨ ਇਕ "ਰੋਮਾਂਟਿਕ ਨਾਟਕ" ਦਾ ਰੂਪ ਦੇਣ ਲਈ ਛਾਪਿਆ ਗਿਆ ਹੈ। ਉਸਨੇ ਆਖਿਆ, "ਮੇਰੀ ਬੇਟੀ ਹੁਣ ਇੰਗਲੈਂਡ ਦੇ "ਨੈਸ਼ਨਲ ਥੀਏਟਰ" ਲਈ ਕੰਮ ਕਰ ਰਹੀ ਹੈ ਅਤੇ ਇਕ ਗੰਭੀਰ ਅਭਿਨੇਤਰੀ ਹੈ। ਰਾਜਕੁਮਾਰ ਖੁਸ਼ਕਿਸਮਤ ਹੈ ਕਿ ਉਸਨੂੰ ਮੇਰੀ ਬੇਟੀ ਦਾ ਸਾਥ ਮਿਲਿਆ ਹੈ।

ਜਦੋਂ ਵਾਪਸੀ ਹੋਈ

ਅਤੇ ਫਿਰ ਛੁਟੀਆਂ ਦੀ ਸਾਥਣ ਕੂ ਸਟਾਰਕ ਨੂੰ ਵਿਦਾਇਗੀ ਚੁੰਮਣ ਦੇਕੇ ਵਿਚਾਰਾ ਰਾਜਕੁਮਾਰ ਵਾਪਿਸ ਲੰਡਨ ਪਰਤ ਆਇਆ। ਬਕਿੰਘਮ ਮਹੱਲ ਦੇ ਨੇੜੇ ਰਾਜਕੁਮਾਰ ਦੇ ਪੈਰ ਥਿੜਕਦੇ ਰਹੇ। ਕੂ ਦੇ ਨਾਲ ਉਸਦੇ ਸੰਬੰਧਾਂ ਨੂੰ ਜਾਨਣ ਵਾਲੇ ਦੋਸਤ ਉਸ ਤੋਂ ਘੜੀ ਮੁੜੀ ਪੁੱਛ ਰਹੇ ਸਨ, "ਕੀ ਜੁਦਾਈ ਭਲੇ ਲਈ ਹੈ?"

ਰਾਜਕੁਮਾਰੀ ਮਾਰਗਰੇਟ ਦੇ 'ਸਵਰਗ-ਦੀਪ' ਵਿਚ ਇਨ੍ਹਾਂ ਦੋਹਾਂ ਨੇ ਇਕ ਹਫਤਾ ਸਵਰਗੀ ਆਨੰਦ ਵਿਚ ਇਕੱਠੇ ਬਿਤਾਇਆ ਸੀ।

ਰਾਜਕੁਮਾਰ ਜਦੋਂ ਤਿੰਨ ਦਿਨ ਪਹਿਲਾਂ ਅਚਾਨਕ ਵਾਪਿਸ ਆ ਗਿਆ ਤਾਂ ਮਸਟਿਕ ਦੀਪ ਦੇ ਨਿੱਜੀ ਹਵਾਈ ਮਾਰਗ ਤੋਂ ਮਿਆਮੀ ਵਲ ਪਰਤਦੀ ਕੂ ਦੀਆਂ ਅੱਖਾਂ ਤੋਂ ਹੰਝੂਆਂ ਦੀ ਧਾਰ ਵਗਦੀ ਰਹੀ।

ਰਾਜਕੁਮਾਰ ਦੇ ਸਟਾਫ ਦੇ ਮੈਂਬਰਾਂ ਦਾ ਇਹ ਵਿਸ਼ਵਾਸ ਹੈ ਕਿ ਰੈਂਡੀ ਨੇ ਕੂ ਨੂੰ ਕਹਿ ਦਿਤਾ ਹੋਵੇਗਾ, "ਹੁਣ ਅਸੀਂ ਕਦੀ ਨਹੀਂ ਮਿਲ ਸਕਾਂਗੇ।"

ਰੈਂਡੀ ਨੇ ਦੀਪ ਤੋਂ ਆਪਣੀ ਵਾਪਸੀ ਨੂੰ ਘੰਟਿਆਂ ਬੱਧੀ ਰੋਕੀ ਰਖਿਆ ਪਰੰਤੂ ਕੂ ਲਈ ਨਹੀਂ।

ਖਾਣਾ-ਪੀਣਾ ਛੱਡ ਦਿੱਤਾ

ਇਸ ਦੀਪ ਤੋਂ ਰਾਜਕੁਮਾਰ ਨੇ ਬਾਰਬਾ ਡੋਸ ਲਈ ਉਡਾਣ ਭਰੀ ਅਤੇ ਉਥੋਂ ਜੰਬੂ ਜੇਟ ਰਾਹੀਂ ਘਰ ਵਲ ਰਵਾਨਾ ਹੋਇਆ। ਉਡਾਣ ਦੌਰਾਨ ਸ਼ਾਹੀ ਅੰਗ ਰਖਿਅਕ ਨੇ ਪੱਤਰਕਾਰਾਂ ਨੂੰ ਰਾਜਕੁਮਾਰ ਨਾਲ ਨਾ ਮਿਲਣ ਦੀ ਚਿਤਾਵਨੀ ਦਿਤੀ ਸੀ। ਰਾਜਕੁਮਾਰ ਸ਼ਾਇਦ ਬੇਹੱਦ ਦੁਖੀ ਸੀ ਕਿਉਂਕਿ ਜਦੋਂ ਰਸਤੇ ਵਿਚ ਉਨ੍ਹਾਂ ਦਾ ਮਨਪਸੰਦ ਖਾਣਾ ਪਰੋਸਣ ਬਾਰੇ ਉਨ੍ਹਾਂ ਦੀ ਇਜਾਜ਼ਤ ਮੰਗੀ ਗਈ ਤਾਂ ਉਨ੍ਹਾਂ ਨਿਮਰਤਾ ਨਾਲ ਕਿਹਾ, "ਨਹੀਂ।"

ਰਾਜਕੁਮਾਰ ਦੀ ਹਾਲਤ ਅਸਲ ਵਿਚ ਚਿੰਤਾਜਨਕ ਸੀ ਕਿਉਂਕਿ ਘਰ ਪਹੁੰਚਣ ਤੇ ਵੀ ਉਸਨੇ ਨਾਸ਼ਤਾ ਲੈਣ ਤੋਂ ਇਨਕਾਰ ਕਰ ਦਿਤਾ। ਸਾਢੇ 12 ਘੰਟੇ ਦੀ ਜਹਾਜ਼ ਯਾਤਰਾ ਦੇ ਬਾਅਦ ਹੀਥਰੋ ਹਵਾਈ ਅੱਡੇ ਤੇ ਸੁਆਗਤ ਲਈ ਖੜੇ ਪੱਤਰਕਾਰਾਂ ਲਈ ਰਾਜਕੁਮਾਰ ਕੋਲ ਇਕ ਥਕੀ ਹੋਈ ਮੁਸਕਰਾਹਟ ਦੇ ਸਿਵਾ ਹੋਰ ਕੁਝ ਨਹੀਂ ਸੀ।

ਹਵਾਈ ਅੱਡੇ ਦੇ ਇਕ ਕਰਮਚਾਰੀ ਨੇ ਜਦੋਂ ਇਹ ਕਿਹਾ, "ਇਕਲੇ ਐਂਡਰਿਊ ਦਾ ਸਵਾਗਤ" ਤਾਂ ਰਾਜਕੁਮਾਰ ਹੱਕਾ ਬੱਕਾ ਰਹਿ ਗਿਆ। ਰਾਣੀ ਦੇ ਸਟਾਫ ਦੇ ਇਕ ਉਚ ਅਧਿਕਾਰੀ ਨੇ ਇਸ ਸਾਰੀ ਸਥਿਤੀ ਦਾ ਵਿਸ਼ਲੇਸ਼ਣ ਕਰਦੇ ਹੋਏ ਕਿਹਾ ਹੈ, "ਐਂਡਰਿਊ ਆਪਣੀ ਉਮਰ ਦੇ ਗਭਰੂਆਂ ਨਾਲੋਂ ਵੱਖਰਾ ਨਹੀਂ ਹੈ। ਉਹ ਵੀ ਆਪਣੀਆਂ ਗਲਤੀਆਂ ਤੋਂ ਹੀ ਸਬਕ ਸਿੱਖੇਗਾ।"

ਇਹ ਹੈ ਪੰਜਾਬ ਦਾ ਭਾਸ਼ਾ ਵਿਭਾਗ.

— ਸਟਾਫ ਰੀਪੋਰਟਰ —

ਭਾਸ਼ਾ ਵਿਭਾਗ ਪੰਜਾਬ ਦਾ ਬਾਬਾ ਆਦਮ ਹੀ ਨਿਆਰਾ ਹੈ। ਇਸਦੇ ਅਧਿਕਾਰੀ ਅਧਨੀਂਦਰੀ ਹਾਲਤ ਵਿਚ ਪ੍ਰੋਗਰਾਮ ਬਣਾ ਕੇ ਤੇ ਉਹਨਾਂ ਬਾਰੇ ਚਿੱਠੀਆਂ ਲਿਖ ਕੇ ਕਿਵੇਂ ਸਤਿਕਾਰੇ ਸਾਹਿਤਕਾਰਾਂ ਨਾਲ ਮਜ਼ਾਕ ਕਰਦੇ ਹਨ ਉਸਦੀ ਇਕ ਮਿਸਾਲ ਪੇਸ਼ ਹੈ:

ਕੈਨੇਡਾ ਵਿਚ ਰਹਿੰਦੇ ਪੰਜਾਬੀ ਦੇ ਪ੍ਰਸਿਧ ਨਾਵਲਕਾਰ ਗਿਆਨੀ ਕੇਸਰ ਸਿੰਘ ਜੀ ਨੂੰ ਇਸ ਸਾਲ ਪੰਜਾਬ ਸਰਕਾਰ ਨੇ ਸਨਮਾਨਣ ਅਤੇ ਉਹਨਾਂ ਨੂੰ ਸਾਲ 1981 ਦਾ ਸ਼ਰੋਮਣੀ ਸਾਹਿਤਕਾਰ ਪੁਰਸਕਾਰ ਦੇਣ ਦਾ ਫੈਸਲਾ ਕੀਤਾ। ਇਸ ਸੰਬੰਧੀ ਭਾਸ਼ਾ ਵਿਭਾਗ ਦੇ ਡਾਇਰੈਕਟਰ ਵਲੋਂ ਨੰ: ਤਾਲ 82/17098 ਪੱਤਰ 15 ਜੁਲਾਈ ਨੂੰ ਪਟਿਆਲਾ ਤੋਂ ਗਿਆਨੀ ਕੇਸਰ ਸਿੰਘ ਜੀ ਨੂੰ ਲਿਖਿਆ, ਜੋ ਇਸ ਤਰ੍ਹਾਂ ਹੈ:

ਸ੍ਰੀਮਾਨ ਜੀ,

ਪੰਜਾਬ ਸਰਕਾਰ ਵਲੋਂ ਹਰ ਸਾਲ ਬਦੇਸ਼ਾਂ ਵਿਚ ਵਸਦੇ ਉੱਘੇ ਸਾਹਿਤਕਾਰਾਂ ਦਾ ਸਨਮਾਨ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਆਪਣਾ ਜੀਵਨ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਲੇਖੇ ਲਾਇਆ ਹੈ। ਆਪਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸਾਲ 1981 ਦਾ ਸ਼ਰੋਮਣੀ ਸਾਹਿਤਕਾਰ ਪੁਰਸਕਾਰ ਆਪਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਸਨਮਾਨ ਸਮਾਗਮ ਦੀ ਮਿਤੀ ਨਿਸ਼ਚਤ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਆਸ ਹੈ ਕਿ ਇਹ ਜੁਲਾਈ ਦੇ ਅਖੀਰਲੇ ਹਫਤੇ ਜਾਂ ਅਗਸਤ ਦੇ ਪਹਿਲੇ ਹਫਤੇ ਸੰਪਨ ਹੋ ਜਾਵੇਗਾ।

ਸਨਮਾਨ ਸਮਾਗਮ ਸਮੇਂ ਆਪ ਜੀ ਨੂੰ ਸਿਰੋਪਾ, ਮੈਡਲ, ਅਭਿਨੰਦਨ ਪੱਤਰ ਅਤੇ 5100 ਰੁਪਏ ਦੀ ਥੈਲੀ ਭੇਟ ਕੀਤੀ ਜਾਵੇਗੀ। ਸਮਾਗਮ ਸਮੇਂ ਆਪ ਪੰਜਾਬ ਸਰਕਾਰ ਦੇ ਮਹਿਮਾਨ ਹੋਵੋਗੇ।

ਸਾਨੂੰ ਵਿਸ਼ਵਾਸ ਹੈ ਕਿ ਆਪ ਜੀ ਇਸੇ ਤਰ੍ਹਾਂ ਮਾਤ ਭਾਸ਼ਾ ਦੀ ਸੇਵਾ ਵਿਚ ਜੁਟ ਰਹੋਗੇ।

ਵਿਸ਼ਵਾਸ ਪਾਤਰ:
ਕਪੂਰ ਸਿੰਘ ਘੁੰਮਣ
ਡਿਪਟੀ ਡਾਇਰੈਕਟਰ (ਪਬਲਿਕ)
ਵਾ: ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

ਉਕਤ ਪੱਤਰ 15 ਜੁਲਾਈ ਨੂੰ ਪਟਿਆਲਾ ਤੋਂ ਕੈਨੇਡਾ ਭੇਜਿਆ ਗਿਆ। ਸਭ ਜਾਣਦੇ ਹਨ ਕਿ ਹਵਾਈ ਡਾਕ ਰਾਹੀਂ ਵੀ ਪੱਤਰ ਕੈਨੇਡਾ 5-6 ਦਿਨਾਂ ਬਾਅਦ ਪਹੁੰਚਦਾ ਹੈ।

ਇਸ ਤੋਂ ਬਾਅਦ ਵੇਖੋ ਅਗਲਾ ਪੱਤਰ ਜੋ ਕਿ ਭਾਸ਼ਾ ਵਿਭਾਗ ਦੇ ਡਾਇਰੈਕਟਰ ਪ੍ਰਤਾਪ ਸਿੰਘ ਕੌਂਤਲ ਵਲੋਂ ਡੀ. ਓ. ਨੰ: ਤਾਲਮੇਲ—82/17579 ਪਟਿਆਲਾ ਤੋਂ ਮਿਤੀ 22 ਜੁਲਾਈ 82 ਨੂੰ ਗਿਆਨੀ ਕੇਸਰ ਸਿੰਘ ਜੀ ਵਲ ਕੈਨੇਡਾ ਨੂੰ ਲਿਖਿਆ ਗਿਆ, ਜੋ ਇਸ ਤਰ੍ਹਾਂ ਹੈ:

ਵਿਸ਼ਾ: ਸਾਲਾਨਾ ਸਨਮਾਨ ਸਮਾਗਮ

ਸਤਿਕਾਰਯੋਗ ਗਿਆਨੀ ਜੀ,

ਮੈਂ ਇਹ ਦੱਸਣ ਵਿਚ ਅਤਿਅੰਤ ਖੁਸ਼ੀ ਲੈ ਰਿਹਾ ਹਾਂ ਕਿ ਪੰਜਾਬ ਸਰਕਾਰ ਨੇ ਆਪ ਜੀ ਦੀ ਪੰਜਾਬੀ ਸਾਹਿਤ ਲਈ ਕੀਤੀ ਸੇਵਾ ਨੂੰ ਮੁਖ ਰਖਦੇ ਹੋਏ ਆਪ ਜੀ ਨੂੰ ਬਤੌਰ ਸਾਹਿਤਕਾਰ ਦੇ ਸਨਮਾਨਣ ਦਾ ਫੈਸਲਾ ਕੀਤਾ ਹੈ।

2. ਇਹ ਸਨਮਾਨ ਸਮਾਗਮ ਚੰਡੀਗੜ੍ਹ ਵਿਖੇ ਮਿਤੀ 28 ਜੁਲਾਈ 82 ਨੂੰ ਦਿਨ ਬੁਧਵਾਰ ਸ਼ਾਮ ਦੇ 6.00 ਵਜੇ ਰਾਜ ਭਵਨ ਪੰਜਾਬ ਵਿਚ ਹੋਣਾ ਨਿਸ਼ਚਿਤ ਹੋਇਆ ਹੈ। ਇਸ ਸਮਾਗਮ ਵਿਚ ਆਪ ਜੀ ਨੂੰ ਰਾਜ ਸਰਕਾਰ ਵਲੋਂ ਸਿਰੋਪਾਓ, ਪ੍ਰਮਾਣ ਪੱਤਰ ਅਤੇ 5100/- ਰੁਪਏ ਦੀ ਥੈਲੀ ਭੇਟ ਕੀਤੀ ਜਾਏਗੀ।

3. ਕਿਉਂਜੋ ਆਪ ਜੀ ਉਸ ਦਿਨ ਸਰਕਾਰ ਦੇ ਵਿਸ਼ੇਸ਼ ਮਹਿਮਾਨ ਹੋਵੋਗੇ, ਇਸ ਲਈ ਮੈਂ ਧੰਨਵਾਦੀ ਹੋਵਾਂਗਾ ਜੇਕਰ ਤੁਸੀਂ ਆਪਣਾ ਪ੍ਰੋਗਰਾਮ ਵਾਪਸੀ ਡਾਕ ਭੇਜਣ ਦੀ ਖੇਚਲ ਕਰ ਸਕੋ ਤਾਂ ਜੋ ਆਪ ਜੀ ਨੂੰ ਉਚਿਤ ਥਾਂ ਤੇ ਸਨਮਾਨ ਸਹਿਤ ਠਹਿਰਾਇਆ ਜਾ ਸਕੇ।

ਆਦਰ ਸਹਿਤ

ਹਿੱਤੂ,
ਪਰਤਾਪ ਸਿੰਘ ਕੌਂਤਲ

ਕਿਨੇ ਭੋਲੇ ਹਨ ਸ੍ਰੀ ਪਰਤਾਪ ਸਿੰਘ ਕੌਂਤਲ ਡਾਇਰੈਕਟਰ ਸਾਹਿਬ ਜੀ ਜਿਹੜੇ 22 ਜੁਲਾਈ ਨੂੰ ਕੈਨੇਡਾ ਪੱਤਰ ਲਿਖ ਕੇ 28 ਜੁਲਾਈ ਨੂੰ ਹੋ ਰਹੇ ਸਮਾਗਮ ਬਾਰੇ ਵਾਪਸੀ ਡਾਕ ਪ੍ਰੋਗਰਾਮ ਪੁੱਛ ਰਹੇ ਹਨ। ਜਦੋਂਕਿ ਉਨ੍ਹਾਂ ਨੂੰ ਇਸ ਗਲ ਦਾ ਉਕਾ ਹੀ ਖਿਆਲ ਨਹੀਂ ਕਿ 22 ਜੁਲਾਈ ਤੋਂ 28 ਜੁਲਾਈ ਦੇ ਵਿਚਕਾਰ ਸਿਰਫ 5 ਦਿਨ ਹਨ। ਪਟਿਆਲੇ ਤੋਂ ਕੈਨੇਡਾ ਪੱਤਰ 5-6 ਦਿਨਾਂ ਬਾਅਦ ਪਹੁੰਚਦਾ ਹੈ। ਗਿਆਨੀ ਕੇਸਰ ਸਿੰਘ ਜੀ ਨੇ ਦਸਿਆ ਹੈ ਕਿ ਉਹਨਾਂ ਨੂੰ ਸ੍ਰੀ ਕੌਂਤਲ ਦਾ ਪੱਤਰ 27 ਜੁਲਾਈ ਨੂੰ ਮਿਲਿਆ ਜਦੋਂਕਿ ਪੰਜਾਬ ਵਿਚ 28 ਜੁਲਾਈ ਨੂੰ ਢੁਕੀ ਸੀ। ਫਿਰ ਉਹ ਸ੍ਰੀ ਕੌਂਤਲ ਸਾਹਿਬ ਨੂੰ 28 ਜੁਲਾਈ ਨੂੰ ਸ਼ਾਮ 6 ਵਜੇ ਚੰਡੀਗੜ੍ਹ ਪਹੁੰਚਣ ਬਾਰੇ ਕਿਵੇਂ ਪ੍ਰੋਗਰਾਮ ਦੱਸ ਸਕਦੇ ਸਨ? ਭਾਸ਼ਾ ਵਿਭਾਗ ਦੇ ਉਚ ਅਧਿਕਾਰੀਆਂ ਵਲੋਂ ਪੰਜਾਬੀ ਦੇ ਜਾਣੇ ਮਨੇ ਸਾਹਿਤਕਾਰ ਨਾਲ ਇਸ ਤੋਂ ਵੱਡਾ ਮਜ਼ਾਕ ਹੋਰ ਕੀ ਹੋ ਸਕਦਾ ਹੈ।

ਵਿਦੇਸ਼ਾਂ 'ਚ ਵਸੇ ਭਾਰਤੀਆਂ ਨੂੰ 6 ਮਹੀਨੇ ਅੰਦਰ ਭਾਰਤ 'ਚ ਆਪਣੀ ਵਾਹੀ ਯੋਗ ਜ਼ਮੀਨ ਵੇਚਣੀ ਪਵੇਗੀ

ਨਵੀਂ ਦਿੱਲੀ — [illegible] ਰਿਜ਼ਰਵ ਬੈਂਕ ਦੇ ਇਕ ਫੈਸਲੇ ਅਨੁਸਾਰ ਵਿਦੇਸ਼ਾਂ ਵਿਚ ਵਸੇ ਸਾਰੇ ਭਾਰਤੀਆਂ ਨੂੰ [illegible] ਜ਼ਮੀਨ ਵੇਚਣੀ ਪਵੇਗੀ [illegible] ਰਿਜ਼ਰਵ ਬੈਂਕ ਦੀ ਆਗਿਆ ਜ਼ਰੂਰੀ ਹੋਵੇਗੀ।

ਇਸ ਤੋਂ ਪਹਿਲਾਂ 1974 ਵਿਚ ਬਣੇ ਕਾਨੂੰਨ ਅਨੁਸਾਰ ਭਾਰਤੀ ਜੋ ਵਿਦੇਸ਼ੀ ਨਾਗਰਿਕ ਹੋ ਚੁੱਕੇ ਹਨ ਲਈ ਜ਼ਰੂਰੀ ਸੀ ਕਿ ਉਹ ਆਪਣੀ ਅਚਲ ਜਾਇਦਾਦ ਦੇ ਲਈ ਰਿਜ਼ਰਵ ਬੈਂਕ ਆਫ਼ ਇੰਡੀਆ ਤੋਂ ਮਨਜ਼ੂਰੀ ਲੈਣ। ਵਿਦੇਸ਼ ਵਿਚ ਰਹਿੰਦੇ ਭਾਰਤੀਆਂ ਨੂੰ ਕਾਨੂੰਨ ਬਾਰੇ ਪਤਾ ਨਾ ਲੱਗਾ ਤੇ ਬੈਂਕ ਨੂੰ ਸੂਚਿਤ ਨਾ ਕੀਤਾ ਗਿਆ। [illegible] 1979 ਵਿਚ [illegible] 1974 [illegible]

ਹੁਣ ਤਿੰਨ ਸਾਲ ਪਿੱਛੋਂ ਸਰਕਾਰ ਨੇ ਇਕ ਚਿੱਠੀ [illegible] ਕਿ ਕ੍ਰਿਸ਼ ਜਾਇਦਾਦ ਦੀ ਮਨਜ਼ੂਰੀ ਨਹੀਂ ਮਿਲ ਸਕਦੀ, ਕਿਉਂਕਿ ਸਰਕਾਰ ਵਾਹੀ ਵਾਲੀ ਜ਼ਮੀਨ ਕਿਸੇ ਵਿਦੇਸ਼ੀ ਭਾਰਤੀ ਗੈਰ ਮੁਲਕੀ ਨਾਗਰਿਕ ਨੂੰ ਖਰੀਦਣ ਦੀ ਆਗਿਆ ਨਹੀਂ ਦੇ ਸਕਦੀ। ਛੇ ਮਹੀਨਿਆਂ ਵਿਚ ਵਿਚ ਕ੍ਰਿਸ਼ ਜ਼ਮੀਨ ਨੂੰ ਵੇਚਣ ਜਾ ਠੇਕੇ ਵਿਚ ਦੇਣ ਦੇ ਆਦੇਸ਼ ਦੇ ਦਿਤੇ ਗਏ ਹਨ। ਕ੍ਰਿਸ਼ ਦੇ ਲਈ ਵੀ ਰਿਜ਼ਰਵ ਬੈਂਕ ਦੀ ਮਨਜ਼ੂਰੀ ਜ਼ਰੂਰੀ ਹੈ ਅਤੇ ਇਹ ਰੁਪਿਆ ਭਾਰਤ ਤੋਂ ਬਾਹਰ ਵੀ ਨਹੀਂ ਲੈ ਜਾ ਸਕਦਾ।

ਕੈਨੇਡਾ - ੨੭੫੬ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਨ ਲਈ ਪ੍ਰੇਰੋ

ਜਥੇਦਾਰ ਤਲਵੰਡੀ ਜੇਲ੍ਹ 'ਚੋਂ ਰਿਹਾ ਇੰਦਰਾ ਗਾਂਧੀ ਨਾਲ ਹੋਣ ਵਾਲੀ ਗੱਲਬਾਤ ਅਨਿਸ਼ਚਿਤ ਸਮੇਂ ਲਈ ਅੱਗੇ ਪੈ ਗਈ

ਅਕਾਲੀਆਂ ਦੇ ਹਮਲੇ 'ਚ ਕਈ ਪੁਲਸੀਏ ਜ਼ਖ਼ਮੀ

8 ਪੁਲਸ ਮੁਲਾਜ਼ਮ ਹਸਪਤਾਲ ਦਾਖਲ | **ਇੰਸਪੈਕਟਰ ਬੇਹੋਸ਼ ਕਰ ਦਿਤਾ** | **ਲੁਧਿਆਣਾ ਜੇਲ ਤੇ ਕਬਜ਼ਾ ਕਰ ਲਿਆ**

ਜੰਞ ਲਾੜਿਆਂ ਦੀ

'ਜੰਞ ਲਾੜਿਆਂ ਦੀ ' ਸ. ਕੇਸਰ ਸਿੰਘ ਨਾਵਲਿਸਟ ਦਾ ਨਵਾਂ ਨਾਵਲ ਹੈ ਜੋ ਜਲੰਧਰ ਲਿਖਾਰੀ ਸਭਾ ਵਲੋਂ ਗੁਰੂ ਨਾਨਕ ਲਾਈਬ੍ਰੇਰੀ, ਜਲੰਧਰ ਵਿੱਚ ਰਲੀਜ਼ ਕੀਤਾ ਗਿਆ। 1914-18 ਦੀ ਗ਼ਦਰੀਆਂ ਦੀ ਕਹਾਣੀ ਇਸ ਨਾਵਲ ਵਿੱਚ ਸਮੋਈ ਮਿਲਦੀ ਹੈ। ਬਰਮਾ ਸਾਜ਼ਿਸ਼ ਕੇਸ (੧੯੧੬-17) ਵਿੱਚ ਚਾਰ ਦੇਸ਼ ਭਗਤ ਕੈਨੇਡਾ ਤੋਂ ਸ਼ਾਮਿਲ ਸਨ। ਪੰਡਿਤ ਸੋਹਣ ਲਾਲ ਪਾਠਕ, ਬਾਬੂ ਹਰਨਾਮ ਸਿੰਘ ਕਾਰੀਸਾਰੀ, ਕਪੂਰ ਸਿੰਘ ਮੋਹੀ, ਹਰਦਿੱਤ ਸਿੰਘ ਲਮੇ ਜੱਟ ਪੁਰੇ।

ਕੰਡ 68

ਘੜਿਆਲ ਨੇ ਚਾਰ ਵਜਾਏ। ਨੰਬਰਦਾਰਾਂ ਨੇ ਕੈਦੀਆਂ ਦੀਆਂ ਕੋਠੀਆਂ ਦੇ ਜੰਦਰੇ ਖੋਲ੍ਹਣੇ ਸ਼ੁਰੂ ਕਰ ਦਿਤੇ। ਇਕ ਇਕ ਕਰ ਕੇ ਸਭ ਕੈਦੀ ਕੋਠੀਆਂ ਵਿਚੋਂ ਬਾਹਰ ਨਿਕਲਣੇ ਸ਼ੁਰੂ ਹੋ ਗਏ। ਸਿਰ ਨੰਗੇ, ਪੈਰ ਨੰਗੇ, ਗਲ ਕੈਦੀਆਂ ਵਾਲੇ ਕੁੜਤੇ ਤੇ ਤੇੜ ਪਜਾਮੇ ਬਿਨਾ ਨਾਲਿਆਂ ਦੇ।

ਇਹ ਪਹਿਲਾ ਮੌਕਾ ਸੀ ਜਦ ਸਾਰੇ ਕੈਦੀ ਇਕੱਠੇ ਕੀਤੇ ਜਾ ਰਹੇ ਸਨ। ਸੋਹਣ ਲਾਲ ਹੀ ਇਕ ਅਜਿਹਾ ਕੈਦੀ ਸੀ ਜੋ ਲਗਪਗ ਸਭ ਕੈਦੀਆਂ ਨੂੰ ਜ਼ਾਤੀ ਤੌਰ ਤੇ ਜਾਣਦਾ ਸੀ। ਕਈ ਕੈਦੀਆਂ ਨੇ ਤਾਂ ਅਜੇ ਤਕ ਇਕ ਦੂਜੇ ਨੂੰ ਵੇਖਿਆ ਤਕ ਨਹੀਂ ਸੀ। ਇਕ ਦੂਜੇ ਨੂੰ ਨਾਵਾਂ ਤੋਂ ਜਾਣਦੇ ਸਨ। ਜਿਹਲ ਵਿਚ ਆਉਣ ਮਗਰੋਂ ਇਕ ਦੂਜੇ ਦ ਕੀਤੇ ਕੰਮਾਂ ਤੋਂ ਜਾਣੂ ਹੋ ਗਏ ਸਨ, ਪਰ ਉਹਨਾਂ ਨੂੰ ਆਪਸ ਵਿਚ ਮਿਲਣ ਦਾ ਪਹਿਲਾ ਮੌਕਾ ਮਿਲ ਰਿਹਾ ਸੀ।

ਬੱਦਲਵਾਈ ਹੋਈ ਹੋਈ ਸੀ। ਕਦੇ ਧੁੱਪ ਚੜ੍ਹ ਪੈਂਦੀ, ਕਦੇ ਫਿਰ ਬੱਦਲਵਾਈ ਛਾ ਜਾਂਦੀ। ਠੰਢ ਸੀ। ਹਵਾ ਵੀ ਚਲ ਰਹੀ ਸੀ। ਰੜੇ ਮਦਾਨ ਭੁੰਞੇ ਹੀ ਬੈਠ ਜਾਣ ਦਾ ਹੁਕਮ ਹੋ ਗਿਆ। ਕਰਮਚਾਰੀਆਂ ਨੇ ਇਕ ਗੋਲ ਚੱਕਰ ਲਕੀਰ ਦਿੱਤਾ ਸੀ। ਸਭ ਕੈਦੀ ਇਕ ਪੂਰਾ ਚੱਕਰ ਬਣਾ ਕੇ ਬਹਿ ਗਏ। ਸੋਹਣ ਲਾਲ ਇਸ ਚੱਕਰ ਦੇ ਉੱਤਰ ਵਲ ਬੈਠਾ ਸੀ। ਉਸ ਦੇ ਸੱਜੇ ਹਰਨਾਮ ਸਿੰਘ ਕਾਹਰੀ ਸਾਹਰੀ ਤੇ ਖੱਬੇ ਪਾਸੇ ਅਮਰ ਸਿੰਘ ਇੰਜੀਨੀਅਰ ਸੀ। ਅਮਰ ਸਿੰਘ ਨੇ ਸਭ ਸਾਥੀਆਂ ਵਲ ਨਿਗਾਹ ਮਾਰਦਿਆਂ ਸਭ ਨੂੰ ਪਛਾਨਣ ਦਾ ਜਤਨ ਕਰਦਿਆਂ ਕਿਹਾ, "ਹਿੰਦੂ ਕੋ ਰਾਮ ਰਾਮ ਔਰ ਮੁਸਲਮਾਨ ਕੋ ਸਲਾਮ।" ਸਭ ਦੀਆ ਨਿਗਾਹਾਂ ਅਮਰ ਸਿੰਘ ਉੱਤੇ ਗੱਡੀਆਂ ਗਈਆਂ। ਇਕ ਖਿਣ ਰੁਕ ਕੇ ਉਸ ਨੇ ਫਿਰ ਕਿਹਾ, "ਹਿੰਦੂ ਕੋ ਰਾਮ ਰਾਮ, ਮੁਸਲਮਾਨ ਕੋ ਸਲਾਮ। ਹਿੰਦੁਸਤਾਨ ਅਜ਼ਾਦ ਰਹੇ, ਮਾਲਾ ਮਾਲ ਰਹੇ।" ਫਿਰ ਕੀ ਸੀ, ਸਭ ਨੇ ਅਮਰ ਸਿੰਘ ਦੇ ਕਹੇ ਸ਼ਬਦ ਦੁਹਰਾਣੇ ਸ਼ੁਰੂ ਕਰ ਦਿੱਤੇ। ਸਭ ਦੇ ਚਿਹਰੇ ਖਿੜ ਗਏ। ਅੱਖਾਂ ਚਮਕ ਉਠੀਆਂ।

ਬਿਗਲ ਦੀ ਆਵਾਜ਼ ਆਈ। ਸਭ ਕੈਦੀਆਂ ਦਾ ਧਿਆਨ ਉਸ ਪਾਸੇ ਹੋ ਗਿਆ। ਮਿਲਟਰੀ ਪੁਲਸ ਆ ਰਹੀ ਸੀ। ਉਹਨਾਂ ਆਉਂਦਿਆਂ ਹੀ ਕੈਦੀਆਂ ਦੇ ਚੱਕਰ ਦੁਆਲੇ ਘੇਰਾ ਪਾ ਲਿਆ। ਮਿਲਟਰੀ ਪੁਲਸ ਵਾਲੇ ਸਭ ਹਿੰਦੁਸਤਾਨੀ-ਸਿੱਖ, ਹਿੰਦੂ ਤੇ ਮੁਸਲਮਾਨ। ਪੂਰੀ ਇਕ ਦਰਜਨ ਪੁਲਸੀਏ। ਰਫਲਾਂ ਉਤੇ ਲੱਗੀਆਂ ਨੰਗੀਆਂ ਸੰਗੀਨਾਂ। ਉਹਨਾਂ ਦੇ ਘੇਰੇ ਤੋਂ ਬਾਹਰ ਜਿਹਲਰ ਰੌਨ ਮੈਕਾਰਥੀ ਤੇ ਅਸਿਸਟੈਂਟ ਜਿਹਲਰ ਵਿਲੀਅਮ ਖੜੇ ਸਨ। ਮੈਕਾਰਥੀ ਨੇ ਵਿਲੀਅਮ ਦੇ ਕੰਨ ਵਿਚ ਕੁਝ ਕਿਹਾ ਤੇ ਉਹ ਆਪਣੇ ਦਫਤਰ ਵੱਲ ਮੁੜ ਗਿਆ।

ਨਰੈਣ ਸਿੰਘ ਨੇ ਮਿਲਟਰੀ ਪੁਲਸ ਵਾਲਿਆਂ ਵੱਲ ਘ੍ਰਿਣਾ ਨਾਲ ਤੱਕਦਿਆਂ ਕਿਹਾ, "ਆ ਗਈ ਜੇ ਗ਼ੁਲਾਮਾਂ ਦੀ ਹਥਿਆਰਬੰਦ ਫੌਜ, ਬੇਹਥਿਆਰਾਂ ਦੀ ਰਾਖੀ ਕਰਨ ਲਈ।"

ਉਹ ਕੈਦੀਆਂ ਵੱਲ ਪਿੱਠ ਦੇ ਕੇ ਖੜੇ ਸਨ। ਉਹਨਾਂ ਦੇ ਅਫਸਰ ਨੇ ਪਿੱਛੇ ਮੁੜ ਕੇ ਨਰੈਣ ਸਿੰਘ ਵੱਲ ਘੂਰ ਕੇ ਤੱਕਿਆ। ਸੋਹਣ ਲਾਲ ਨੇ ਨਰੈਣ ਸਿੰਘ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਸੋਹਣ ਲਾਲ ਦੇ ਬਿਲਕੁਲ ਸਾਹਮਣੇ ਬੈਠਾ ਮੁਜਤਬਾ ਹੁਸੈਨ ਬੋਲ ਪਿਆ, "ਅਫਸਰਾਨ, ਸਿੱਖ ਕੋ ਸਤਿ ਸ੍ਰੀ ਅਕਾਲ, ਹਿੰਦੂ ਕੋ ਰਾਮ ਰਾਮ, ਮੁਸਲਮਾਨ ਕੋ ਸਲਾਮ, ਹਿੰਦੁਸਤਾਨ ਅਜ਼ਾਦ ਰਹੇ, ਮਾਲਾ ਮਾਲ ਰਹੇ।" ਲਗਭਗ ਸਭ ਪੁਲਸੀਆਂ ਨੇ ਪਿੱਛੇ ਮੁੜ ਕੇ ਮੁਜਤਬਾ ਹੁਸੈਨ ਵੱਲ ਤੱਕਿਆ। ਵਿਲੀਅਮ ਨੇ ਅੱਗੇ ਵੱਧ ਕੇ ਦਖ਼ਲ ਦੇਂਦਿਆਂ ਹੁਕਮ ਦਿੱਤਾ, "ਤੁਸੀਂ ਮਿਲਟਰੀ-ਪੁਲਸ ਵਾਲਿਆਂ ਨਾਲ ਕੋਈ ਗੱਲ ਨਹੀਂ ਕਰ ਸਕਦੇ। ਜਿਸ ਮਤਲਬ ਲਈ ਤੁਹਾਨੂੰ ਇਕੱਠੇ ਹੋਣ ਦੀ ਇਜਾਜ਼ਤ ਦਿਤੀ ਗਈ ਹੈ, ਉਹ ਗੱਲ ਕਰੋ। ਛੇ ਵਜੇ ਫਿਰ ਤੁਹਾਨੂੰ ਕੋਠੀ-ਬੰਦ ਕਰਨ ਦਾ ਹੁਕਮ ਹੈ।"

"ਉਹ ਕਿਹੜੀ ਗੱਲ ਹੈ?" ਅਲੀ ਅਹਿਮਦ ਨੇ ਵਿਲੀਅਮ ਨੂੰ ਪੁਛਿਆ। ਵਿਲੀਅਮ ਨੇ ਸੋਹਣ ਲਾਲ ਵੱਲ ਇਸ਼ਾਰਾ ਕਰ ਕੇ ਉੱਤਰ ਦਿੱਤਾ, "ਸੋਹਣ ਲਾਲ ਨੂੰ ਪਤਾ ਹੈ।"

ਵਿਲੀਅਮ ਦੀ ਗੱਲ ਸੁਣ ਕੇ ਸਭ ਦੀ ਰੁਚੀ ਸੋਹਣ ਲਾਲ ਵੱਲ ਹੋ ਗਈ। ਸੋਹਣ ਲਾਲ ਨੇ ਸੱਜਾ ਹੱਥ ਉੱਤੇ ਚੁੱਕ ਕੇ ਕਿਹਾ, "ਠਹਿਰੋ, ਮੈਂ ਦਸਦਾ ਹਾਂ।"

ਏਨੀ ਗੱਲ ਸੁਣ ਕੇ ਵਿਲੀਅਮ ਨੂੰ ਤਸੱਲੀ ਹੋ ਗਈ ਕਿ ਸੋਹਣ ਲਾਲ ਮਾਫੀ ਮੰਗਣ ਦੀ ਗੱਲ ਤੋਰੇਗਾ। ਇਸ ਲਈ ਉਹ ਨਵੀਂ ਛਿੱਟੀ ਘੁਮਾਂਦਾ ਉਹਨਾਂ ਤੋਂ ਕਾਫੀ ਦੂਰ ਜਾ ਕੇ ਕੈਨਵਸ ਦੀ ਇਕ ਅਰਾਮ ਕੁਰਸੀ ਉੱਤੇ ਜਾ ਲੇਟਿਆ।

ਸੋਹਣ ਲਾਲ ਨੇ ਦਸਣਾ ਸ਼ੁਰੂ ਕੀਤਾ, "ਵਿਲੀਅਮ ਮੇਰੇ ਪਾਸ ਆਇਆ ਸੀ। ਉਸ ਨੇ ਦਸਿਆ ਹੈ ਕਿ ਦੇਸ ਵਿਚ ਸਾਡੀ ਗ਼ਦਰ ਦੀ ਲਹਿਰ ਫ਼ਿਹਲ ਹੋ ਗਈ ਹੈ। ਸਭ ਗ਼ਦਰੀ ਫੜੇ ਗਏ ਹਨ। ਸਾਡੇ ਕਈ ਸਾਥੀ ਵਾਅਦਾ-ਮੁਆਫ ਗਵਾਹ ਬਣ ਗਏ ਹਨ। ਕੁਝ ਮੁਖ਼ਬਰ ਵੀ ਇਕੱਠੇ ਹੋ ਕੇ ਮਾਂਡਲੇ ਪਹੁੰਚ ਗਏ ਹਨ। ਇਸ ਲਈ ਸਾਨੂੰ ਆਪਣੇ ਕੀਤੇ ਕੰਮ ਦੀ ਮਾਫੀ ਮੰਗ ਲੈਣੀ ਚਾਹੀਦੀ ਹੈ। ਸਾਨੂੰ ਮਾਫੀ ਮੰਗਣ ਲਈ ਇਕੱਠੇ ਕੀਤਾ ਗਿਆ ਹੈ।"

ਪਾਲਾ ਸਿੰਘ ਨੇ ਪੁਛਿਆ, "ਪੰਡਤ ਜੀ! ਮਾਫੀ ਕਿਸ ਗੱਲ ਦੀ?"

"ਕਹਿੰਦੇ ਪਿਛਲੇ ਕੀਤੇ ਕੰਮ ਦੀ ਮਾਫੀ ਮੰਗੋ। ਅੱਗੋਂ ਅਜਿਹੇ ਕੰਮ ਨਾ ਕਰੋ। ਮਾਫੀ ਮੰਗੋ ਤੇ ਜਾਨ ਬਚਾਓ।"

ਨਿਰੰਜਣ ਸਿੰਘ ਉੱਚੀ ਉੱਚੀ ਹੱਸਣ ਲੱਗ ਪਿਆ। ਪੁਲਸੀਏ ਉਸ ਵੱਲ ਤੱਕਣ ਲੱਗ ਪਏ। ਚੇਤ ਰਾਮ ਨੇ ਇਕ ਪੁਲਸੀਏ ਵੱਲ ਤਾੜ ਕੇ ਵੇਖਦਿਆਂ ਪੁਛਿਆ, "ਕੀ ਖਿਟ ਖਿਟ ਵੇਖਦੇਂ? ਜੇ ਹੱਸਣਾ ਮਨ੍ਹਾ ਐ ਤਾਂ ਦਸ ਦੇਹ।" ਪੁਲਸੀਏ ਨੇ ਮੂੰਹ ਪਰੇ ਕਰ ਲਿਆ।

ਹੌਲਦਾਰ ਨੇ ਪੁਲਸੀਆਂ ਨੂੰ ਹੁਕਮ ਦਿੱਤਾ ਕਿ ਉਹ ਦਸ ਕਦਮ ਹੋਰ ਹੱਟ ਕੇ ਖਲੋ ਜਾਣ। ਆਪ ਉਥੇ ਨੇੜੇ ਹੀ ਪਿੱਠ ਦੇ ਕੇ ਖਲੋਤਾ ਰਿਹਾ, ਕਿਉਂ ਕਿ ਉਸ ਨੇ ਕੈਦੀਆਂ ਵਿਚਾਲੇ ਹੋਈ ਸਾਰੀ ਗੱਲ-ਬਾਤ ਦੀ ਰਪੋਰਟ ਦੇਣੀ ਸੀ। ਦੂਰ ਖਲੋ ਕੇ ਵੀ ਸਾਰੇ ਪੁਲਸੀਆਂ ਦੇ ਕੰਨ ਕੈਦੀਆਂ ਦੀਆਂ ਗੱਲਾਂ ਵੱਲ ਲੱਗੇ ਹੋਏ ਸਨ। ਉਹਨਾਂ ਦੀਆਂ ਗੱਲਾਂ ਸੁਣਨ ਲਈ ਪੁਲਸੀਆਂ ਦੀ ਦਿਲਚਸਪੀ ਕੁਦਰਤੀ ਸੀ।

ਹੌਲਦਾਰ ਸੋਚ ਰਿਹਾ ਸੀ ਕਿ ਜੇ ਇਹ ਆਮ ਡਾਕੂ ਹਨ ਤਾਂ ਫਿਰ ਸਾਡੇ ਪਹਿਰੇ ਦੀ ਕੀ ਲੋੜ ਸੀ। ਉਸ ਦੇ ਮਨ ਵਿਚ ਤਰਕਾਂ ਉੱਠ ਰਹੀਆਂ ਸਨ। ਇਹਨਾਂ ਨਿਹੱਥੇ ਕੈਦੀਆਂ ਉੱਤੇ ਨੰਗੀਆਂ ਸੰਗੀਨਾਂ ਦੇ ਪਹਿਰੇ ਦੀ ਕੀ ਲੋੜ ਸੀ। ਉਸ ਨੇ ਉੱਡਦੀ ਉੱਡਦੀ ਅਵਾਈ ਸੁਣੀ ਸੀ ਕਿ ਇਹਨਾਂ ਕੈਦੀਆਂ ਵਿਚੋਂ ਕਈ ਅਮਰੀਕਾ ਤੋਂ ਆਏ ਹਨ। ਉਹ ਸੋਚ ਰਿਹਾ ਸੀ ਕਿ ਜੇ ਇਹਨਾਂ ਡਾਕੇ ਮਾਰਨੇ ਸਨ ਤਾਂ ਅਮਰੀਕਾ ਵਰਗੇ ਅਮੀਰ ਮੁਲਕ ਵਿਚ ਰਹਿੰਦੇ, ਇਹ ਬਰਮਾ ਵਿਚ ਡਾਕੇ ਮਾਰਨ ਕਿਉਂ ਆਏ?

ਉਸ ਨੇ ਚੋਰ-ਅੱਖੀਂ ਸੇਠ ਬੁਢਾ ਸਿੰਘ ਵਲ ਤੱਕ ਕੇ ਮਨ ਹੀ ਮਨ ਵਿਚ ਕਿਹਾ, "ਇਹ ਤਾਂ ਕਿਸੇ ਅਮੀਰ ਘਰ ਦਾ ਜਵਾਨ ਲੱਗਦਾ ਹੈ। ਇਸ ਦਾ ਕਿੰਨਾ ਸਾਊ ਚਿਹਰਾ ਹੈ। ਇਹ ਡਾਕੂ ਨਹੀਂ ਹੋ ਸਕਦਾ।" ਸੋਹਣ ਲਾਲ ਵੱਲ ਝਾਤੀ ਮਾਰ ਕੇ ਉਹ ਮਨ ਹੀ ਮਨ ਵਿਚ ਮੁਸਕਰਾਉਣ ਲੱਗਾ, "ਇਹ ਸੂਖਮ ਜਿਹਾ ਜਵਾਨ ਵਿਦਵਾਨ ਲੱਗਦਾ ਹੈ। ਹੋ ਸਕਦਾ ਹੈ ਇਹ ਅਮਰੀਕਾ ਤੋਂ ਆਇਆ ਹੋਵੇ। ਇਹ ਡਾਕੂ ਨਹੀਂ ਹੋ ਸਕਦਾ।"

ਇਸ ਤਰ੍ਹਾਂ ਉਹ ਚੋਰ-ਅੱਖੀਂ ਵਾਰੀ ਵਾਰੀ ਸਭ ਕੈਦੀਆਂ ਵੱਲ ਵੇਖ ਕੇ ਸੋਚਣ ਲੱਗਾ, "ਇਹ ਆਮ ਕੈਦੀ ਨਹੀਂ।" ਉਸ ਨੇ ਇਹ ਜਤਲਾਉਣ ਦਾ ਯਤਨ ਕੀਤਾ ਕਿ ਉਹ ਉਹਨਾਂ ਦੀਆਂ ਗੱਲਾਂ ਸੁਣਨ ਵਿਚ ਕੋਈ ਦਿਲਚਸਪੀ ਨਹੀਂ ਰੱਖਦਾ। ਉਹ ਅੱਗੇ ਪਿੱਛੇ ਟਹਿਲਣ ਲੱਗ ਪਿਆ, ਪਰ ਕੰਨ ਉਸ ਦੇ ਕੈਦੀਆਂ ਦੀਆਂ ਗੱਲਾਂ ਵੱਲ ਸਨ।

ਕਿਰਪਾ ਰਾਮ ਮਾਂਗਟ ਨੇ ਕਿਹਾ, "ਪੰਡਤ ਜੀ! ਜੇ ਮਾਫੀ ਮੰਗ ਲਈਏ ਤਾਂ ਕੀ ਹਰਜ਼ ਹੈ?"

ਸਭ ਨੇ ਹੈਰਾਨੀ ਨਾਲ ਉਸ ਵੱਲ ਤੱਕਿਆ। ਸੋਹਣ ਲਾਲ ਨੇ ਮੂੰਹ ਖੋਲ੍ਹਿਆ ਹੀ ਸੀ ਕਿ ਕਿਰਪਾ ਰਾਮ ਨੇ ਕਿਹਾ, "ਹੁਣ ਮਾਫੀ ਮੰਗ ਲਈਏ। ਬਾਹਰ ਨਿਕਲ ਚਲੀਏ। ਫਿਰ ਤਗੜੇ ਹੋ ਕੇ ਹਮਲਾ ਕਰੀਏ। ਇਕ ਹੱਲਾ ਹੋਰ ਮਾਰਨ ਦਾ ਮੌਕਾ ਮਿਲ ਜਾਏਗਾ।"

ਚੇਤ ਰਾਮ ਨੇ ਕਿਹਾ, "ਮਾਫੀ ਮੰਗਣੀ ਕਮਜ਼ੋਰੀ ਦੀ ਨਿਸ਼ਾਨੀ ਹੈ। ਕਿਰਪਾ ਰਾਮ ਦੀ ਇਕ ਗੱਲ ਠੀਕ ਹੈ ਕਿ ਹਮਲਾ ਕਰਨ ਦਾ ਇਕ ਹੋਰ ਮੌਕਾ ਮਿਲ ਜਾਏਗਾ, ਪਰ ਫਰੰਗੀ ਏਨੇ ਕੱਚੇ ਨਹੀਂ। ਜਿਹੜਾ ਫਰੰਗੀਆਂ ਦੀ ਈਨ ਮੰਨ ਕੇ ਬਾਹਰ ਨਿਕਲੇਗਾ ਉਸ ਨਾਲ ਮੁੜ ਕੇ ਕਿਸੇ ਨਹੀਂ ਤੁਰਨਾ। ਉਹ ਖਤਮ ਸਮਝੋ।"

"ਮੈਂ ਤੁਹਾਡੇ ਨਾਲ ਸਹਿਮਤ ਹਾਂ।" ਕਿਰਪਾ ਰਾਮ ਨੇ ਉੱਤਰ ਦਿੱਤਾ।

"ਮਾਫੀ ਮੰਗਣ ਫਰੰਗੀ ਸਾਥੋਂ, ਅਸੀਂ ਕਿਉਂ ਮੰਗੀਏ।" ਨਿਰੰਜਨ ਸਿੰਘ ਨੇ ਗੁੱਸੇ ਵਿਚ ਆ ਕੇ ਕਿਹਾ।

ਹਰਨਾਮ ਸਿੰਘ ਕਾਹਰੀ ਸਾਹਰੀ ਨੇ ਕਿਹਾ, "ਪੰਡਤ ਜੀ! ਤੁਹਾਨੂੰ ਯਾਦ ਹੈ ਅਸੀਂ ਬਹਾਦਰ ਸ਼ਾਹ ਜ਼ਫਰ ਦੀ ਕਬਰ ਉੱਤੇ ਕੀ ਕਸਮਾਂ ਖਾਧੀਆਂ ਸਨ?"

ਸੋਹਣ ਲਾਲ ਮੁਸਕਰਾ ਰਿਹਾ ਸੀ। ਉਸ ਨੂੰ ਜਾਪਿਆ ਜਿਵੇਂ ਹਰਨਾਮ ਸਿੰਘ, ਉਸ ਨੂੰ ਢਿੱਲਾ ਪਿਆ ਸਮਝ ਕੇ ਤਕੜਾ ਕਰ ਰਿਹਾ ਸੀ, ਪਰ ਫਿਰ ਵੀ ਸੋਹਣ ਲਾਲ ਨਾ ਬੋਲਿਆ। ਉਹ ਆਪਣੇ ਹੋਰ ਸਾਥੀ ਦੇ ਮਨ ਦੀ ਅਵਸਥਾ ਦਾ ਅੰਦਾਜ਼ਾ ਲਾਉਣਾ ਚਾਹੁੰਦਾ ਸੀ। ਇਸ ਲਈ ਚੁੱਪ ਸਾਧੀ ਬੈਠਾ ਸੀ।

ਜ਼ਫਰ ਦਾ ਨਾਂ ਸੁਣ ਕੇ ਮੁਜਤਬਾ ਹੁਸੈਨ ਬੋਲ ਉੱਠਿਆ, "ਹਿੰਦੀਓਂ ਮੇਂ ਬੂ ਰਹੇਗੀ ਜਬ ਤਲਕ ਈਮਾਨ ਕੀ। ਤਖ਼ਤੇ ਲੰਡਨ ਤਕ ਚਲੇਗੀ ਤੇਗ ਹਿੰਦੁਸਤਾਨ ਕੀ, ਤੇਗ ਹਿੰਦੁਸਤਾਨ ਕੀ।" ਜ਼ਫਰ ਦਾ ਇਹ ਸ਼ਿਅਰ, ਮੁਜਤਬਾ ਨੇ ਅਜਿਹੇ ਜੋਸ਼ ਵਿਚ ਆ ਕੇ ਗਾਇਆ ਜਿਵੇਂ ਉਹ ਹਿੰਦੁਸਤਾਨ ਦੇ ਅਖ਼ੀਰਲੇ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦੀ ਰੂਹ ਵਿਚ ਬੈਠ ਕੇ ਗਾ ਰਿਹਾ ਹੋਵੇ। ਉਸ ਦਾ ਜੋਸ਼ ਠਲ੍ਹਿਆ ਨਹੀਂ ਸੀ ਜਾ ਰਿਹਾ।

ਦੂਰ ਖਲੋਤੇ ਹੌਲਦਾਰ ਨੇ ਉਸ ਵੱਲ ਤੱਕਿਆ ਤੇ ਸੋਚਣ ਲੱਗਾ, "ਇਹ ਲੋਕ ਡਾਕੂ ਨਹੀਂ, ਇਹ ਤਾਂ ਲੰਡਨ ਤਕ ਤੇਗ ਚਲਾਉਣ ਦੀਆਂ ਗੱਲਾਂ ਕਰ ਰਹੇ ਹਨ।" ਉਸ ਦੇ ਮਨ ਵਿਚ ਖੁਤਖੁਤੀ ਪੈਦਾ ਹੋ ਗਈ। ਉਹ ਉਹਨਾਂ ਬਾਰੇ ਜਾਣਨ ਲਈ ਹੋਰ ਉਤਾਵਲਾ ਹੋ ਉੱਠਿਆ। ਪੁਲਸੀਆਂ ਨੂੰ ਹੋਰ ਵੀ ਪਰੇ ਹੋ ਜਾਣ ਦਾ ਹੁਕਮ ਦੇ ਕੇ, ਉਹ ਆਪ ਕੈਦੀਆਂ ਦੇ ਹੋਰ ਨੇੜੇ ਹੋ ਕੇ ਹੌਲੀ ਹੌਲੀ ਟਹਿਲਣ ਲੱਗਾ। ਉਹ ਚਾਹੁੰਦਾ ਸੀ ਕਿ ਉਹ ਆਪ ਸਭ ਕੁਝ ਸੁਣੇ, ਪਰ ਉਸ ਦੇ ਨਾਲ ਦੇ ਪੁਲਸੀਆਂ ਨੂੰ ਉੱਕਾ ਕੁਝ ਪਤਾ ਨਾ ਚਲੇ। ਬਾਬੂ ਅਮਰ ਸਿੰਘ ਚੌਕੜੀ ਮਾਰ ਕੇ ਬੈਠਾ ਸੀ। ਉਸ ਨੇ ਪੈਰਾਂ ਭਾਰ ਹੋ ਕੇ ਬਹਿੰਦਿਆਂ ਕਿਹਾ, "ਯਾਰ ਮੁਜਤਬਾ! ਤੈਨੂੰ ਪਤਾ ਹੈ ਅਸਾਂ ਬਹਾਦਰ ਸ਼ਾਹ ਜ਼ਫਰ ਦੇ ਦੁਸ਼ਮਣਾਂ, ਫਰੰਗੀਆਂ ਤੋਂ ਬਦਲਾ ਲੈਣਾ ਹੈ। ਤੈਨੂੰ ਤਾਂ ਬੜੇ ਸ਼ਿਅਰ ਯਾਦ ਹਨ ਜ਼ਫਰ ਦੇ।"

"ਅਲੀ ਅਹਿਮਦ ਸਾਹਬ ਦੀ ਅਵਾਜ਼ ਬੜੀ ਸੁਰੀਲੀ ਹੈ, ਇਹ ਸੁਣਾਉਣਗੇ।" ਉਸ ਨੇ ਅਲੀ ਅਹਿਮਦ ਨੂੰ ਕੂਹਣੀ ਮਾਰ ਕੇ ਕਿਹਾ, "ਸੁਣਾ ਯਾਰ, ਸੁਣਾ।"

ਅਲੀ ਅਹਿਮਦ ਨੇ ਉਸੇ ਤਰ੍ਹਾਂ ਆਪਣਾ ਗਲਾ ਸਾਫ ਕਰਨ ਲਈ ਖੰਘੂਰੇ ਮਾਰੇ ਜਿਵੇਂ ਉਹ ਕਿਸੇ ਰਾਗ ਦੀ ਮਹਿਫਲ ਜਾਂ ਮੁਸ਼ਾਇਰੇ ਵਿਚ ਹਿੱਸਾ ਲੈਣ ਜਾ ਰਿਹਾ ਹੋਵੇ। ਉਸ ਨੇ ਕਿਹਾ, "ਪੰਡਤ ਜੀ! ਤੇ ਧਰਮ ਯੁਧ ਦੇ ਬਾਨੀਓ! ਜ਼ਰਾ ਧਿਆਨ ਨਾਲ ਸੁਣਨਾ।" ਉਸ ਨੇ ਆਪਣੇ ਸਾਰੇ ਸਾਥੀਆਂ ਵਲ ਵਾਰੀ ਵਾਰੀ ਨਿਗਾਹ ਸੁਟਦਿਆਂ ਬੜੀ ਧੀਮੀ ਅਵਾਜ਼ ਵਿਚ ਗਾਉਣਾ ਸ਼ੁਰੂ ਕੀਤਾ—

"ਮੁਰਗ਼ ਦਿਲ ਮਤ ਰੋ, ਯਹਾਂ ਆਂਸੂ ਬਹਾਨਾ ਮਨ੍ਹਾ ਹੈ।"

ਸ਼ਿਅਰ ਦੀ ਪਹਿਲੀ ਸਤਰ ਸੁਣ ਕੇ ਹੀ ਸਭ ਬੋਲ ਉਠੇ, "ਵਾਹ ਵਾਹ।" ਅਲੀ ਅਹਿਮਦ ਸੱਜਾ ਹੱਥ ਹਿਲਾ ਹਿਲਾ ਕੇ ਦਾਦ ਮਿਲਣ ਦਾ ਸ਼ੁਕਰੀਆ ਕਰ ਰਿਹਾ ਸੀ।

ਪੰਡਤ ਸੋਹਣ ਲਾਲ ਸੋਚ ਰਿਹਾ ਸੀ ਕਿ ਇਹ ਤਾਂ ਸ਼ਾਇਰਾਂ ਦੀ ਮਹਿਫਲ ਬਣ ਰਹੀ ਹੈ। ਉਸ ਨੇ ਮੁਸਕਰਾ ਕੇ ਕਿਹਾ," ਅਜ ਦੀ ਮਿਲਣੀ ਅਖ਼ੀਰ ਦੀ ਮਿਲਣੀ ਹੈ ਦੋਸਤੋ।"

ਵਿਚੋਂ ਹੀ ਭਾਈ ਵਸਾਵਾ ਸਿੰਘ ਬੋਲ ਪਿਆ, "ਅਗਾਂਹਾਂ ਕੂ ਤਰਾਂਘ ਪਿਛਾ ਫੇਰ ਨਾ "ਮੁਹਡੜਾ।"

ਸੇਠ ਬੁਢਾ ਸਿੰਘ ਨੇ ਵਿਸਾਵਾ ਸਿੰਘ ਦੀਆਂ ਅੱਖਾਂ ਵਿਚ ਅੱਖਾਂ ਗੱਡ ਦਿਤੀਆਂ।

ਗ਼ਜ਼ਲਾਂ

ਦੇਵਿੰਦਰ ਜੋਸ਼

ਮੂੰਹ ਆਈ ਗੱਲ ਕਹਿੰਦਾ ਹਾਂ।
ਮੈਂ ਵੀ ਬੁੱਲ੍ਹੇ ਵਰਗਾ ਹਾਂ।

ਪਹਿਲੇ ਪਹਿਰ ਜੋ ਅਉਂਦਾ ਏ
ਮੈਂ ਇਕ ਐਸਾ ਸੁਪਨਾ ਹਾਂ।

ਉਜੜੇ ਪਿੰਡ ਦੀ ਮਸਜਿਦ ਵਾਂਗ
ਅਪਣੇ ਘਰ ਵਿਚ ਵਸਦਾ ਹਾਂ

ਮੇਰਾ ਘਰ ਕੀ ਪੁਛਦਾ ਏਂ
ਤੇਰੇ ਦਿਲ ਵਿਚ ਰਹਿੰਦਾ ਹਾਂ।

ਅਪਣੀ ਅੱਗ ਵਿਚ ਸੜਦੇ ਜੋ
ਮੈਂ ਇਕ ਐਸਾ ਦਰਿਆ ਹਾਂ।

ਜਿਸ ਤੇ ਧੂੜ ਹੈ ਉਮਰਾਂ ਦੀ
ਮੈਂ ਉਹ ਮੈਲਾ ਸ਼ੀਸ਼ਾ ਹਾਂ।

ਦਾਰੂ ਦੀ ਛਿਟ ਲਾ ਕੇ ਵੀ
ਟੁਟਿਆ ਟੁਟਿਆ ਰਹਿੰਦਾ ਹਾਂ।

ਤੂੰ ਊਸ਼ਾ ਦੀ ਲਾਲੀ ਏਂ
ਮੈਂ ਸੰਧਿਆ ਦਾ ਵੇਲਾ ਹਾਂ।

ਜਿਸ ਤੇ ਕੋਈ ਪੱਤ ਨਹੀਂ
ਮੈਂ ਉਸ ਰੁਖ ਦਾ ਚਿਹਰਾ ਹਾਂ।

ਉਸਨੂੰ 'ਜੋਸ਼' ਕਿਤਾਬਾਂ ਵਾਂਗ
ਰਾਤ ਗਈ ਤਕ ਪੜ੍ਹਦਾ ਹਾਂ

ਮੰਗਲ ਮਦਾਨ

ਜੇ ਲੋਕਾਂ ਤੋਂ ਡਰ ਜਾਂਦਾ ਮੈਂ।
ਤਾਂ ਕਦੋਂ ਦਾ ਮਰ ਜਾਂਦਾ ਮੈਂ

ਕਾਹਤੋਂ ਕਰਦੇ ਲੋਕੀਂ ਗੱਲਾਂ
ਜੇ ਨਾ ਉਸਦੇ ਘਰ ਜਾਂਦਾ ਮੈਂ

ਸਜਣਾਂ ਦੀ ਬਦਨਾਮੀ ਹੁੰਦੀ
ਇਹ ਗਲ ਕਿੱਦਾਂ ਜਰ ਜਾਂਦਾ ਮੈਂ

ਜ਼ੁਲਮ ਤਿਰੇ ਤੇ ਹੋਣ ਨਾ ਦੇਂਦਾ
ਭਾਵੇਂ ਮਰਦਾ ਮਰ ਜਾਂਦਾ ਮੈਂ।

ਜੇ ਲਾਈ ਲਗ ਪਿਛੇ ਲਗਦਾ
ਤਾਂ ਫਿਰ 'ਮੰਗਲ' ਤਰ ਜਾਂਦਾ ਮੈਂ

ਹਰਭਜਨ ਸਿੰਘ

ਹਾਲ ਪੁਛਦੇ ਹੋ ਕੀ ਦੋਸਤੀ ਦਾ
ਏਥੇ ਆਲਮ ਹੈ ਇਕ ਬੇਬਸੀ ਦਾ

ਦੌਰ ਕੋਈ ਜ਼ਮਾਨੇ ਦਾ ਹੋਵੇ
ਹਾਲ ਇਕੋ ਹੀ ਹੈ ਆਸ਼ਕੀ ਦਾ।

ਕੀ ਭਰੋਸਾ ਕਿਸੇ ਹੋਰ ਸ਼ੈ ਦਾ
ਜੇ ਭਰੋਸਾ ਨਹੀਂ ਜ਼ਿੰਦਗੀ ਦਾ।

ਦਿਸਣੋਂ ਇਨਸਾਨ ਨੂੰ ਹਟ ਗਿਆ
ਇਹ ਅਜਬ ਦੌਰ ਹੈ ਰੌਸ਼ਨੀ ਦਾ

ਮੈਂ ਹਾਂ ਖ਼ਾਮੋਸ਼ ਏਸੇ ਹੀ ਕਾਰਣ
ਮੈਂ ਹਾਂ ਮਹਿਰਮ ਤਿਰੀ ਬੇਬਸੀ ਦਾ

ਕੈਨੇਡਾ ਦਰਪਣ
ਦੇ ਮੈਂਬਰ ਲੇਖਕ

→ ਬਾਕੀ ਸਫ਼ਾ 13 ਤੇ

ਸਫ਼ਾ 12 ਦੀ ਬਾਕੀ

ਅਮਰ ਸਿੰਘ ਨੇ ਫਿਰ ਨਿੱਠ ਕੇ ਬੈਠਦਿਆਂ ਕਿਹਾ, "ਅਲੀ ਅਹਿਮਦ ਸਾਹਿਬ ! ਹੋ ਜਾਏ ਫਿਰ । ਜ਼ਰਾ ਤਰੱਨਮ ਵਿਚ ਆ ਕੇ, ਹੋ ਜਾਏ ।"

ਮੁਜਤਬਾ ਨੇ ਕਿਹਾ, "ਅਲੀ ਅਹਿਮਦ ਸਾਹਿਬ ਨੂੰ ਸਾਰੇ ਸ਼ਿਅਰ ਕਹਿ ਲੈਣ ਦਿਓ ।"

ਅਲੀ ਅਹਿਮਦ ਨੇ ਲਗ ਭਗ ਚੱਪਾ ਚੱਪਾ ਉਗ ਪਈ ਦਾੜ੍ਹੀ ਉਤੇ ਦੋਵੇਂ ਹੱਥ ਫੇਰਦਿਆਂ ਸ਼ਿਅਰ ਕਹਿਣੇ ਸ਼ੁਰੂ ਕੀਤੇ—

"ਮੁਰਗ ਦਿਲ ਮਤ ਰੋ, ਯਹਾਂ ਆਂਸੂ ਬਹਾਨਾ ਮਨ੍ਹਾ ਹੈ ।
ਇਸ ਕਫ਼ਸ ਕੇ ਕੈਦੀਓਂ ਕੋ ਆਬੋਦਾਨਾ ਮਨ੍ਹਾ ਹੈ,"
ਮੇਰੇ ਖ਼ੂੰ ਸੇ ਹਾਥ ਰੰਗ ਕਰ, ਬੋਲੇ ਕਿਆ ਅਛਾ ਹੈ ਰੰਗ,
ਅਬ ਹਮੇਂ ਚਾਲੀਸ ਦਿਨ ਮਹਿੰਦੀ ਲਗਾਨਾ ਮਨ੍ਹਾ ਹੈ ।"
"ਆਹ ! ਕਮਬਖ਼ਤੀ ਤੋ ਦੇਖੋ ਕਰ ਦੀਆ ਸਯਾਦ ਨੇ
ਇਸ ਚਮਨ ਮੇਂ ਬੁਲਬੁਲੋਂ ਕੋ ਚਹਿਚਹਾਨਾ ਮਨ੍ਹਾ ਹੈ ।
ਇਸ ਚਮਨ ਮੇਂ ਬੁਲਬੁਲੋਂ ਕੋ ਚਹਿਚਹਾਨਾ ਮਨ੍ਹਾ ਹੈ ।"

ਸਭ ਪਾਸਿਓਂ "ਵਾਹ ਵਾਹ" ਦੀਆਂ ਅਵਾਜ਼ਾਂ ਆਈਆਂ । ਅਲੀ ਅਹਿਮਦ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ । ਚਾਲੀਆ ਰਾਮ ਟਿਕਟਿਕੀ ਲਾ ਕੇ ਅਲੀ ਵਲ ਵੇਖ ਰਿਹਾ ਸੀ । ਉਹ ਆਪਣੀਆਂ ਅੱਖਾਂ ਵਿਚੋਂ, ਹੰਝੂ ਨਾ ਡਿਗਣ ਦੇਣ ਦਾ, ਸਾਰਾ ਜ਼ੋਰ ਲਾ ਰਿਹਾ ਸੀ, ਪਰ ਉਸ ਦੀ ਕੋਈ ਪੇਸ਼ ਨਾ ਗਈ । ਉਸ ਦੇ ਹੰਝੂ ਤ੍ਰਿਪ ਤ੍ਰਿਪ ਕਰ ਕੇ ਡਿਗਣ ਲਗ ਪਏ ।

ਕਪੂਰ ਸਿੰਘ ਨੇ ਨਾਲ ਬੈਠੇ ਪੰਡਤ ਜੀਵਣ ਸਿੰਘ ਫਿਲੌਕੇ ਨੂੰ ਕੂਹਣੀ ਮਾਰ ਕੇ ਕਿਹਾ, 'ਓਇ ! ਕੋਈ ਮਾਫ਼ੀ ਮੰਗਣ ਦੀ ਗੱਲ ਵੀ ਕਰੋ ।' ਨਾਲ ਹੀ ਉਹ ਮੁੱਠੀਆਂ ਵਟ ਕੇ ਦੰਦੀਆਂ ਪੀਸਣ ਲਗ ਪਿਆ । ਫਿਰ ਉਸ ਨੇ ਪਿੱਠ ਦੇ ਕੇ ਖਲੋਤੇ ਹੌਲਦਾਰ ਵਲ ਹਵਾ ਵਿਚ ਹੀ ਤਿੰਨ ਚਾਰ ਮੁੱਕੇ ਮਾਰੇ । "ਸਾਲੇ ਨਾ ਹੋਣ ਮਾਫ਼ੀ ਮੰਗਾਉਣ ਦੇ । ਜਿਵੇਂ ਪੋਨਾ ਪੀੜ੍ਹੀ ਦਾ ਐ, ਪੀੜ ਦੂੰ ਸਾਲਿਆ ਨੂੰ ।" ਕਹਿ ਕੇ ਕਪੂਰ ਸਿੰਘ, ਸੋਹਣ ਲਾਲ ਦੀਆਂ ਅੱਖਾਂ ਵਿਚ ਅੱਖਾਂ ਗੱਡ ਕੇ ਚੁੱਪ ਹੋ ਗਿਆ ।

ਹੌਲਦਾਰ ਪਿੱਠ ਦੇ ਕੇ ਖਲੋਤਾ । ਉਸ ਨੇ ਕਿੰਨੀ ਦੇਰ ਤੋਂ ਪਿੱਛੇ ਮੁੜ ਕੇ ਨਹੀਂ ਸੀ ਝਾਕਿਆ । ਉਸ ਨੇ ਜੇਬ ਵਿਚੋਂ ਚਿੱਟਾ ਰੁਮਾਲ ਕੱਢਿਆ । ਉਹ ਨੱਕ ਮੂੰਹ ਸਾਫ਼ ਕਰਨ ਲਗ ਪਿਆ । ਹੋ ਸਕਦਾ ਹੈ ? ਕੈਦੀਆਂ ਦੀਆਂ ਗੱਲਾਂ ਸੁਣ ਕੇ ਉਸ ਦੇ ਮਨ ਉਤੇ ਵੀ ਅਸਰ ਹੋਇਆ ਹੋਵੇ । ਉਹ ਅੱਖਾਂ ਪੂੰਝ ਰਿਹਾ ਹੋਵੇ । ਆਪਣੀ ਕਮਜ਼ੋਰੀ ਲੁਕਾਉਣ ਲਈ ਪਿਛੇ ਮੁੜ ਕੇ ਝਾਕਣ ਤੋਂ ਝਕਦਾ ਹੋਵੇ ।

ਸੋਹਣ ਲਾਲ ਸੱਜਲ ਅੱਖਾਂ ਨਾਲ ਸੇਠ ਬੁੱਢਾ ਸਿੰਘ ਤੇ ਵਸਾਵਾ ਸਿੰਘ ਵਲ ਤੱਕ ਰਿਹਾ ਸੀ । ਉਹ ਕਹਿਣਾ ਚਾਹੁੰਦਾ ਸੀ ਕਿ ਸਭ ਸਜਣ ਆਪੋ ਆਪਣੀ ਰਾਏ ਦੇਣ, ਪਰ ਉਹ ਇਹ ਗੱਲ ਕਹਿਣੀ ਨਹੀਂ ਸੀ ਚਾਹੁੰਦਾ । ਸੋਹਣ ਲਾਲ ਦੀਆਂ ਅੱਖਾਂ ਵਿਚ ਸੁਆਲ ਵੇਖ ਕੇ ਸੇਠ ਬੁੱਢਾ ਸਿੰਘ ਨੇ ਕਿਹਾ, "ਧਰਮ-ਯੁਧ ਮਚਾਣਾ ਸਾਡਾ ਧਰਮ ਹੈ, ਹਾਰ ਜਿੱਤ ਉਹਦੇ ਹੱਥ ਹੈ । ਜੋ ਹੋਂਦਾ ਹੈ ਭਾਣੇ ਅੰਦਰ ਹੋਂਦਾ ਹੈ । ਅਸੀਂ ਤਾਂ ਇਕੋ ਗੱਲ ਜਾਣਦੇ ਹਾਂ—

"ਕਬੀਰ ਜਿਸ ਮਰਨੇ ਤੇ ਜਗ ਡਰੈ ਮੇਰੇ ਮਨ ਆਨੰਦ,
ਮਰਨੇ ਹੀ ਤੇ ਪਾਈਐ ਪੂਰਨ ਪਰਮਾ ਨੰਦ ॥

ਸੋਹਣ ਲਾਲ ਨੇ ਹੱਥ ਜੋੜ ਕੇ ਕਿਹਾ, "ਸੇਠ ਜੀ, ਇਕ ਬੇਨਤੀ ਹੈ । ਤੁਹਾਡੇ ਬਜ਼ੁਰਗਵਾਰ ਪਿਤਾ ਜੀ ਦੇਸੋਂ ਚਲ ਕੇ ਆਏ ਹਨ । ਹਜ਼ਾਰਾਂ ਰੁਪਏ ਖਰਚ ਕਰ ਰਹੇ ਹਨ । ਉਨ੍ਹਾਂ ਵਕੀਲ ਕੀਤਾ ਹੈ । ਸਫ਼ਾਈ ਦੇ ਗਵਾਹ ਵੀ ਲਿਆਂਦੇ ਹਨ । ਤੁਹਾਨੂੰ ਉਨ੍ਹਾਂ ਦੀ ਗੱਲ ਸੁਣਨੀ ਚਾਹੀਦੀ ਹੈ । ਪਿਤਾ ਦਾ ਦਿਲ ਹੈ ।"

"ਪਿਤਾ ਜੀ ਚਾਹੁੰਦੇ ਹਨ ਕਿ ਅਸੀਂ ਸਭ ਛੁੱਟ ਜਾਈਏ । ਉਨ੍ਹਾਂ ਨੂੰ ਆਪਣੀ ਤਸੱਲੀ ਕਰ ਲੈਣ ਦਿਓ । ਮੈਂ ਉਨ੍ਹਾਂ ਨੂੰ ਕਹਿ ਦਿਤਾ ਹੈ ਕਿ ਜੇ ਮੇਰੇ ਸਾਰੇ ਸਾਥੀ ਛੁਟ ਜਾਣਗੇ ਤਾਂ ਮੈਂ ਵੀ ਬਾਹਰ ਆ ਜਾਵਾਂਗਾ । ਮੈਂ ਆਪਣੇ ਸਾਥੀਆਂ ਦਾ ਪੂਰਾ ਸਾਥ ਦਿਆਂਗਾ । ਮੈਂ ਉਨ੍ਹਾਂ ਨੂੰ ਦਸਿਆ ਹੈ ਕਿ ਸਾਡੇ ਮੁਕੱਦਮਿਆਂ ਦੇ ਫ਼ੈਸਲੇ ਪਹਿਲਾਂ ਹੀ ਹੋਏ ਹੋਏ ਹਨ ।"

ਉਸ ਨੇ ਜ਼ਰਾ ਰੁਕ ਕੇ ਕਿਹਾ, "ਮੇਰੇ ਵੀ ਦੋ ਬੱਚੇ ਹਨ । ਮੇਰੇ ਵਿਚ ਵੀ ਪਿੱਤਾ ਦਾ ਦਿਲ ਹੈ । ਦਸਮ ਪਾਤਸ਼ਾਹ ਦੇ ਵੀ ਚਾਰ ਸਾਹਿਬਜ਼ਾਦੇ ਸਨ । ਉਨ੍ਹਾਂ ਵਿਚ ਵੀ ਪਿੱਤਾ ਦਾ ਦਿਲ ਸੀ ।" ਸੇਠ ਬੁੱਢਾ ਸਿੰਘ ਦਾ ਮਨ ਭਰ ਆਇਆ । ਉਹ ਉਥੇ ਹੀ ਚੁੱਪ ਹੋ ਗਿਆ ।

ਗਿਆਨ ਚੰਦ, ਹਰਦਿਤ ਸਿੰਘ ਤੇ ਰਾਮ ਰੱਖਾ ਅਸਚਰਜਤਾ ਭਰਪੂਰ ਨਿਗਾਹਾਂ ਨਾਲ ਸੇਠ ਬੁੱਢਾ ਸਿੰਘ ਵਲ ਤੱਕ ਰਹੇ ਸਨ । ਸੇਠ ਬੁੱਢਾ ਸਿੰਘ ਦਾ ਚਿਹਰਾ ਚਮਕ ਰਿਹਾ ਸੀ । ਉਸ ਨੇ ਨੀਵੀਂ ਪਾ ਕੇ ਕਿਹਾ, "ਤੇਰਾ ਭਾਣਾ ਮੀਠਾ ਲਾਗੈ, ਤੇਰਾ ਭਾਣਾ ਮੀਠਾ ਲਾਗੈ ।"

ਕੁਝ ਦੇਰ ਚੁੱਪ ਰਹੀ । ਅਚਾਨਕ ਹੀ ਭਾਈ ਵਸਾਵਾ ਸਿੰਘ ਨੇ ਕਿਹਾ, "ਆਓ ਧਰਮ-ਯੁਧ ਦਾ ਕਲਮਾ ਪੜ੍ਹੀਏ । ਫਿਰ ਉਸ ਨੇ ਪੜ੍ਹਨਾ ਸ਼ੁਰੂ ਕਰ ਦਿਤਾ—

ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ,
ਖੇਤ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ।
ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ ।
ਪੁਰਜਾ ਪੁਰਜਾ ਕਟ ਮਰੈ, ਕਬਹੂ ਨਾ ਛਾਡੈ ਖੇਤ ।"

ਸੇਠ ਬੁੱਢਾ ਸਿੰਘ ਨੇ ਭਾਈ ਵਸਾਵਾ ਸਿੰਘ ਦੇ ਦੋਵੇਂ ਹਥ ਘੁਟ ਕੇ ਫੜ ਲਏ ।

ਅਮਰ ਸਿੰਘ ਨੇ ਕਾਹਲੇ ਜਿਹੇ ਪੈ ਕੇ ਕਿਹਾ, "ਮੈਨੂੰ ਇਕ ਸ਼ਿਆਰ ਯਾਦ ਆ ਗਿਆ ਹੈ । ਮੈਂ ਫ਼ਰੰਗੀਆਂ ਦੇ ਮਾਫ਼ੀ ਨਾਮੇ ਉਤੇ ਇਹ ਸ਼ਿਆਰ ਲਿਖ ਦੇਣਾ ਹੈ, ਮੁਜਤਬਾ ! ਅਲੀ ਅਹਿਮਦ ਸਾਹਿਬ ! ਜ਼ਰਾ ਧਿਆਨ ਨਾਲ ਸੁਣਨਾ—

"ਮਨਸੂਰ ਸੂਲੀ ਪਰ ਪੁਕਾਰਾ ਇਸ਼ਕ ਬਾਜ਼ੋਂ ਕੋ,
ਯਹਿ ਬੀੜਾ ਹੈ ਤਬਾਹੀ ਕਾ,
ਉਠਾ ਲੇ ਜਿਸ ਕਾ ਜੀਅ ਚਾਹੇ ।"

ਅਮਰ ਸਿੰਘ ਦਾ ਚਿਹਰਾ ਅੰਗਿਆਰਾਂ ਵਾਂਗੂੰ ਭੱਖ ਉਠਿਆ ਸੀ । ਹਰਨਾਮ ਸਿੰਘ ਕਾਹਰੀ ਸਾਹਰੀ ਬਿਨਾਂ ਕੁਝ ਕਹੇ, ਅਮਰ ਸਿੰਘ ਦੇ ਕਹੇ ਸ਼ਿਅਰ ਦੀ ਦਾਦ, ਸਿਰ ਹਿਲਾ ਹਿਲਾ ਕੇ ਦੇ ਰਿਹਾ ਸੀ ।

ਭਾਈ ਵਸਾਵਾ ਸਿੰਘ ਨੇ ਆਪੋ ਆਪਣੀ ਵਾਰੀ ਲੈਂਦਿਆਂ ਕਿਹਾ, 'ਇਹ ਉਹ ਮੰਦਰ ਹੈ ਜਿਸ ਵਿਚ ਅਸੀਂ ਸਭ ਰਲ ਬੈਠੇ ਹਾਂ । ਕੋਈ ਭਰਮ-ਭੇਤ ਨਹੀਂ । ਸਾਡੀ ਇਕੋ ਇੱਛਾ ਹੈ ਭਾਰਤ ਮਾਤਾ ਦੀਆਂ ਬੇੜੀਆਂ ਕੱਟੀਆਂ ਜਾਣ । ਇਹ ਜੀਵਨ ਲੇਖੇ ਲੱਗ ਜਾਏ । ਜੀਵਨ ਸੁਪਨਾ ਸਿਰ ਕਾਟੇ ਕੋਈ, ਖਿਨ ਜਾਗੇ ਦੁਖ ਦਰਦ ਨਾ ਹੋਈ । ਆਤਮਾ ਨਹੀਂ ਮਰਦੀ । ਮਰਦਾ ਕੌਣ ਹੈ ! ਮੂਜ਼ੀ, ਗ਼ਦਾਰ, ਮੁਖਬਰ, ਚੁਗਲਖੋਰ ।"

ਵਸਾਵਾ ਸਿੰਘ ਦੀ ਗੱਲ ਸੁਣ ਕੇ ਪੰਡਤ ਜੀਵਨ ਸਿੰਘ ਨੇ ਪੁਛਿਆ, "ਗ਼ਦਾਰੀ ਕਿਸ ਕਿਸ ਨੇ ਕੀਤੀ ਹੈ ? ਵਾਹਦਾ ਮਾਫ਼ ਕੌਣ ਕੌਣ ਬਣਿਆ ਹੈ ?"

"ਨਵਾਬ ਖਾਨ ਸਾਡੇ ਨਾਲ ਅਮਰੀਕਾ ਵਿਚ ਹੋਂਦਾ ਸੀ । ਜੋਧ ਸਿੰਘ, ਭਾਈ ਬਲਵੰਤ ਸਿੰਘ ਹੋਰਾਂ ਨਾਲ ਆਇਆ ਸੀ । ਉਨ੍ਹਾਂ ਨੂੰ ਤੇ ਉਨ੍ਹਾਂ ਦੇ ਸਾਥੀਆਂ ਨੂੰ ਫਰੰਗੀ ਕੈਦ ਕਰਕੇ ਦੇਸ ਲੈ ਗਏ । ਜੋਧ ਸਿੰਘ ਕਮਜ਼ੋਰੀ ਦਿਖਾ ਗਿਆ । ਸੁਣਿਐ ਹੈ ਕਿ ਉਹ ਪੁਲਸ ਦੀ ਕੁਟ ਨਹੀਂ ਸਹਿ ਸਕਿਆ । ਇਕ ਹੁਸੈਨ ਖਾਨ ਹੈ । ਤੁਸੀਂ ਉਸ ਨੂੰ ਤਾਂ ਜਾਣਦੇ ਹੀ ਹੋ । ਇਸ ਤਰ੍ਹਾਂ ਦੇ ਹੋਰ ਕਈ ਆਏ ਹਨ । ਆਤਮਾ ਸਿੰਘ ਹੈਂਗਮਈ ਤੋਂ ਗਵਾਹੀ ਦੇਣ ਆਇਆ ਹੈ ।"

ਆਤਮਾ ਸਿੰਘ ਦਾ ਨਾਂ ਸੁਣ ਕੇ ਸੇਠ ਬੁੱਢਾ ਸਿੰਘ, ਭਾਈ ਵਸਾਵਾ ਸਿੰਘ ਤੇ ਚਾਲੀਆ ਰਾਮ ਵੱਲ ਤਕ ਕੇ ਮੁਸਕਰਾਇਆ ।

"ਪੰਡਤ ਜੀ ! ਖੇਮ ਚੰਦ ਗੁਜਰਾਤੀ ਦੀ ਕੋਈ ਗੱਲ ਸੁਣੀ ਜੇ ।" ਹਰਦਿੱਤ ਸਿੰਘ ਦਾ ਖਿਆਲ ਸੁਣ ਕੇ ਸੋਹਣ ਲਾਲ ਨੇ ਜੁਆਬ ਦਿੱਤਾ, "ਤੁਹਾਨੂੰ ਪਤਾ ਹੀ ਹੈ ਉਹ ਖੜਾ ਧੜੱਲੇਦਾਰ ਬੰਦਾ ਹੈ । ਤੁਸੀਂ ਜਾਣਦੇ ਹੋ ਉਹ ਸਰਾਭੇ ਹੋਰਾਂ ਨਾਲ ਗੁਜਰਾਤੀ ਦਾ ਗ਼ਦਰ ਅਖਬਾਰ ਕਢਦਾ ਸੀ । ਅਸੀਂ ਅਖੀਰਲੀ ਵਾਰੀ ਰੰਗੂਨ ਮਿਲੇ ਸਾਂ । ਉਹ ਕਿਧਰ ਗੁੰਮ ਹੀ ਹੋ ਗਿਆ ਜਾਪਦੈ । ਦੇਸ ਜਾ ਵੜਿਐ ਜਾਂ ਫਰੰਗੀਆਂ ਦੇ ਹੱਥ ਆ ਗਿਐ । ਮੁੜ ਉਸ ਦੀ ਕੋਈ ਸੂਹ ਨਹੀਂ ਨਿਕਲੀ ।"

"ਕਰਤਾਰ ਸਿੰਘ ਵੀ ਫੜਿਆ ਗਿਐ ?" ਕਪੂਰ ਸਿੰਘ ਨੇ ਪੁਛਿਆ ।

"ਕਰਤਾਰ ਫੜਿਆ ਗਿਆ ਸੀ । ਆਪਣੇ ਬਹੁਤੇ ਗ਼ਦਰੀ ਫੜੇ ਗਏ ਹਨ । ਉਥੇ ਵੀ ਕਿਰਪਾਲ ਸਿੰਘ ਵਰਗੇ ਗ਼ਦਾਰ ਸਨ । ਉਹ ਪੁਲਸ ਦਾ ਬੰਦਾ ਗ਼ਦਰੀਆਂ ਵਿਚ ਆ ਰਲਿਆ ਸੀ । ਥੋੜ੍ਹੇ ਜਿਹੇ ਬੰਦੇ ਅਜੇ ਵੀ ਬਾਹਰ ਹਨ ।"

"ਫ਼ੇਰ ?" ਰਾਮ ਰੱਖਾ ਨੇ ਪੁਛਿਆ ।

'ਫੇਰ ਕੀ" ਕਹਿ ਕੇ ਅਮਰ ਸਿੰਘ ਹੱਸ ਪਿਆ । ਉਠ ਕੇ ਨੱਚਣ ਤੇ ਗਾਉਣ ਲੱਗ ਪਿਆ :—

"ਧਰਮ ਯੁਧ ਮਚਾਣਾ, ਦੇਸ ਅਜ਼ਾਦ ਕਰਾਣਾ ।
ਮਾਂ ਦੇ ਹੱਥ ਹਥਕੜੀਆਂ ਪੈਰੀਂ ਬੇੜੀਆਂ,
ਮਾਂ ਨੂੰ ਤਖਤ ਬਿਠਾਣਾ, ਸਾਡਾ ਧਰਮ ਹੈ ।
ਧਰਮ-ਯੁਧ ਮਚਾਣਾ ਸਾਡਾ ਧਰਮ ਹੈ ।"

ਹੁਣ ਹੌਲਦਾਰ ਸਿੱਧਾ ਹੋ ਕੇ ਕੈਦੀਆਂ ਵੱਲ ਤਕ ਰਿਹਾ ਸੀ ! ਅਮਰ ਸਿੰਘ ਦਾ ਇਕ ਇਕ ਸ਼ਬਦ ਉਸ ਦੇ ਦਿਲ ਵਿਚ ਘਰ ਕਰਦਾ ਜਾ ਰਿਹਾ ਸੀ । ਦੂਰ ਖਲੋਤੇ ਪੁਲਸੀਏ, ਅਮਰ ਸਿੰਘ ਵੱਲ ਵੇਖ ਰਹੇ ਸਨ । ਵਿਲੀਅਮ ਉਂਘਲਾਂਦਾ ਉਂਘਲਾਂਦਾ ਉਠ ਖਲੋਤਾ । ਅਮਰ ਸਿੰਘ ਗਾ ਰਿਹਾ ਸੀ । ਗਾਉਂਦਾ ਗਾਉਂਦਾ ਵਿਚੋਂ ਬੋਲ ਪੈਠਾ "ਪੰਡਤ ਜੀ ! ਧਰਮ-ਯੁਧ ਦੇ ਰਾਜ ਅਧਿਰਾਜ ! ਮੈਨੂੰ ਘੁੰਗਰੂ ਚਾਹੀਦੇ ਐ । ਮੈਂ ਮੌਤ ਦਾ ਨਾਚ ਨਚਣੈ । ਮੈਨੂੰ ਮੌਤ ਦਾ ਨਾਚ ਨਚਣ ਦਿਓ ।' ਉਸ ਨੇ ਵਿਲੀਅਮ ਵੱਲ ਨਿਗਾਹ ਸੁਟ ਕੇ, ਆਪਣੇ ਸਾਥੀਆ ਨੂੰ ਕਿਹਾ, "ਉਠੋ ।" ਸਭ ਇਕਦਮ ਉਠ ਖਲੋਤੇ ।

ਉਠੋ ਜੋਧਿਓ ਉਠੋ ਹੋਰ ਉਠਾਲ ਲੋ ।"
ਹੱਥ ਫੜੋ ਸ਼ਮਸ਼ੀਰ ਤੇ ਟਕੂਏ ਤੇਜ਼ ਕਰੋ ।
ਖੰਡੇ ਫੜੋ ਦੁਧਾਰੇ, ਨੇਜ਼ੇ ਤਾਣ ਲੋ ।
ਡੌਲਿਆਂ ਵਿਚ ਜ਼ੋਰ, ਰਗਾਂ ਵਿਚ ਖੂਨ ਹੈ ।
ਗੁਲਾਮੀ ਦੀ ਜੂਨ ਵੀ ਕੋਈ ਜੂਨ ਹੈ ?"

ਇਹ ਸੁਆਲ ਕਰਦਿਆ ਉਸ ਨੇ ਸਭ ਵਲ ਨਿਗਾਹ ਮਾਰੀ । ਉਨ੍ਹਾਂ ਦੀਆਂ ਨਜ਼ਰਾਂ ਵਿਚੋਂ ਉਨ੍ਹਾਂ ਦੇ ਜੁਆਬ ਲੱਭਣ ਲਗਾ । ਫਿਰ ਉਹ ਗਾ ਉਠਿਆ :—

"ਮਾਂ ਦੇ ਹੱਥ ਹਥਕੜੀਆਂ, ਪੈਰੀਂ ਬੇੜੀਆਂ ।
ਮਾਂ ਨੂੰ ਤਖਤ ਬਿਠਾਣਾ ਸਾਡਾ ਧਰਮ ਹੈ ।
ਧਰਮ-ਯੁਧ ਮਚਾਣਾ ਸਾਡਾ ਧਰਮ ਹੈ ।
ਜੀਵਨ, ਇਹ ਜੀਵਨ, ਇਹ ਜੀਵਨ,
ਮਾਂ ਦੇ ਲੇਖੇ ਲਾਣਾ ਸਾਡਾ ਧਰਮ ਹੈ ।"

ਸੋਹਣ ਲਾਲ ਤੇ ਹਰਨਾਮ ਸਿੰਘ ਨੇ ਅਮਰ ਸਿੰਘ ਨੂੰ ਘੇਰ ਕੇ ਆਪਣੀ ਜਫੀ ਵਿਚ ਲੈ ਲਿਆ । ਫਿਰ ਸਾਰੇ ਦੇਸ-ਭਗਤ ਇਕ ਦੂਜੇ ਨੂੰ ਜਫੀਆ ਪਾਉਣ ਲੱਗ ਪਏ ।

ਸੋਹਣ ਲਾਲ ਨੇ ਨਾਹਰਾ ਲਾਇਆ, "ਭਾਰਤ ਮਾਤਾ ਦੀ ਜੈ ।" "ਭਾਰਤ ਮਾਤਾ ਦੀ ਜੈ" ਨਾਹਰਿਆ ਨਾਲ ਜਿਹਲ ਦੀਆਂ ਕੰਧਾਂ ਕੰਬ ਖਲੋਤੀਆਂ । ਹੌਲਦਾਰ ਦਾ ਚਿਹਰਾ ਲਾਲ ਸੁਰਖ ਸੀ । ਵਿਲੀਅਮ ਨੇ ਨੇੜੇ ਆ ਕੇ ਕਿਹਾ, "ਤੁਹਾਨੂੰ ਸਭ ਨੂੰ ਮਾਫ਼ੀ ਮੰਗ ਕੇ ਜਾਨ ਬਚਾਉਣ ਬਾਰੇ, ਮਿਲਣ ਦਾ ਮੌਕਾ ਦਿੱਤਾ ਗਿਆ ਸੀ । ਤੁਸੀਂ ਸਾਡਾ ਸਭ ਦਾ ਮਖੌਲ ਉਡਾਇਆ ਹੈ । ਤੁਸੀਂ ਬੜਾ ਖ਼ਰੂਦ ਪਾਇਆ ਹੈ । ਬਾਦਸ਼ਾਹ ਸਲਾਮਤ ਦੀ ਸਰਕਾਰ ਦੇ ਖਿਲਾਫ਼ ਨਾਹਰੇ ਲਾਏ ਹਨ । ਜੇ ਮੇਰੇ ਵਸ ਹੁੰਦਾ ਤਾਂ ਮੈਂ ਤੁਹਾਨੂੰ ਕੋਠੀਆਂ ਵਿਚ ਹੀ ਬੰਦ ਰਖਣਾ ਸੀ । ਮਿਲਣ ਦਾ ਮੌਕਾ ਨਹੀਂ ਸੀ ਦੇਣਾ, ਪਰ ਗਵਰਨਰ ਸਾਹਬ ਦਾ ਹੁਕਮ ਸੀ । ਇਹ ਵੀ ਹੁਕਮ ਸੀ ਕਿ ਮੈਂ ਤੁਹਾਡੀ ਦੋਹਾਂ ਘੰਟਿਆਂ ਦੀ ਮੁਲਾਕਾਤ ਵਿਚ ਉੱਕਾ ਦਖ਼ਲ ਨਾ ਦਿਆਂ । ਨਹੀਂ ਤਾਂ ਮੈਂ ਤੁਹਾਡਾ ਮੁਸ਼ਾਹਿਰਾ ਨਹੀਂ ਸੀ ਹੋਣ ਦੇਣਾ ।"

ਸਭ ਕੈਦੀ ਚੁਪ ਕਰ ਕੇ ਵਿਲੀਅਮ ਦੀਆ ਗੱਲਾਂ ਸੁਣ ਰਹੇ ਸਨ । ਭਾਈ ਵਸਾਵਾ ਸਿੰਘ ਨੇ ਹੌਲੀ ਜਿਹਾ ਕਿਹਾ, "ਚਲੋ ਸਾਥੀਓ ! ਇਹ ਨੂੰ ਮਾਫ਼ ਕਰੋ । ਇਹਨੂੰ ਨਹੀਂ ਸਮਝ ਕਿ ਇਹ ਕੀ ਕਰ ਰਿਹਾ ਹੈ ।"

ਵਿਲੀਅਮ ਨੇ ਘੂਰ ਕੇ ਵਸਾਵਾ ਸਿੰਘ ਵੱਲ ਦੇਖਿਆ, ਪਰ ਬੋਲਿਆ ਕੁਝ ਨਾ । ਸਾਰੇ ਕੈਦੀ ਆਪਣੇ ਆਪ ਆਪਣੀਆਂ ਕੋਠੀਆਂ ਵਿਚ ਬੰਦ ਹੋਣ ਲਈ ਤੁਰ ਪਏ । ਹੌਲਦਾਰ ਬੜੀਆਂ ਹਮਦਰਦੀ ਭਰੀਆਂ ਨਿਗਾਹਾਂ ਨਾਲ ਕੈਦੀਆਂ ਵੱਲ ਤਕ ਰਿਹਾ ਸੀ । ਉਸ ਦੀ ਰਫਲ ਉਤੋਂ ਨੰਗੀ ਸੰਗੀਨ ਗੁੰਮ ਸੀ । ਉਸ ਬੜਾ ਢਿਲਾ ਜਿਹਾ ਖਲੋਤਾ ਸੀ ।

ਉਸ ਨੇ ਬਾਕੀ ਪੁਲਸੀਆਂ ਪਾਸ ਪਹੁੰਚ ਕੇ ਹੌਲੀ ਜਿਹੀ ਕਿਹਾ, "ਗੋਰੇ ਬਕਦੇ ਐ । ਇਹ ਡਾਕੂ ਨਹੀਂ । ਦੇਸ-ਭਗਤ......।" ਉਸ ਨੇ ਵਿਲੀਅਮ ਨੂੰ ਨੇੜੇ ਢੁਕਦਾ ਵੇਖ ਕੇ ਗੱਲ ਪੂਰੀ ਨਾ ਕੀਤੀ ।

ਉਧਰ ਅਮਰ ਸਿੰਘ ਆਪਣੀ ਕੋਠੀ ਵਿਚ ਬੰ[illegible]ਗਾ ਪੁਛ ਰਿਹਾ ਸੀ, "ਪੰਡਤ ਜੀ, ਬਰਮੀ ਦੇਸ-ਭਗਤਾਂ ਦੀ ਕੋਈ ਗੱਲ ਨਹੀਂ ਕਰ ਸਕੇ । ਕੋਈ ਖ਼ਬਰ ?" ਉਸ ਨੇ ਅਜੇ ਗੱਲ ਪੂਰੀ ਨਹੀਂ ਸੀ ਕੀਤੀ ਕਿ ਉਸ ਨੂੰ ਕੋਠੀ ਵਿਚ ਬੰਦ ਕਰ ਦਿੱਤਾ ਗਿਆ । ਉਸ ਨੇ ਵਜਦ ਵਿਚ ਆ ਕੇ ਨੱਚਣਾ ਤੇ ਗਾਉਣਾ ਸ਼ੁਰੂ ਕਰ ਦਿੱਤਾ "ਭਜੇ ਜਾਣ ਵਰਗੀ ਵਜ ਘੁੰਗਰੂ ।"

ਕਮਲਜੀਤ ਸਿੰਘ

ਘਰ ਘਰ ਦੇ ਵਿਚ ਮਾਤਮ ਹੈ
ਇਹ ਕਿੱਦਾਂ ਦਾ ਮੌਸਮ ਹੈ ।

'ਮੁਨਸਿਫ' ਕਿਸਦਾ ਨਾਂ ਰਖੀਏ
ਹਰ ਇਕ ਬੰਦਾ ਮੁਜਰਿਮ ਹੈ ।

ਗ਼ਮ ਦਾ ਕੋਰਾ ਸਾੜੇ ਦਿਲ
ਅੱਖਾਂ ਦੇ ਵਿਚ ਸ਼ਬਨਮ ਹੈ ।

ਖ਼ੁਦਗਰਜ਼ੀ ਦੀ ਇਸ ਰੁਤ ਵਿਚ
ਕੌਣ ਕਿਸੇ ਦਾ ਮਹਿਰਮ ਹੈ ।

ਕੁਝ ਵੀ ਹੈ ਕੁਝ ਵੀ ਹੋਵੇ
ਉਸਦਾ ਆਉਣਾ ਲਾਜ਼ਿਮ ਹੈ ।

ਇਸ ਨੂੰ ਕਿੰਜ ਵਿਸਾਰ ਦਿਆਂ
ਗ਼ਮ ਤਾਂ ਅਪਣਾ ਹਮਦਮ ਹੈ ।

ਮੁਖੜਾ ਹੈ ਖ਼ਾਮੋਸ਼ 'ਕਮਲ'
ਮਨ ਤੇ ਗ਼ਮ ਦੀ ਰਿਮਝਿਮ ਹੈ ।

ਤਰਸੇਮ ਸਿੰਘ

ਮੈਂ ਖ਼ੁਸ਼ੀਆਂ ਦੇ ਪਾਲੇ ਰੁਖ ।
ਗ਼ਮ ਦੀ ਅਗ ਨੇ ਬਾਲੇ ਰੁਖ ।

ਮੈਂ ਜੀਵਨ ਦੇ ਥਲ ਅੰਦਰ
ਪਾਣੀ ਵਾਂਗੂੰ ਭਾਲੇ ਰੁਖ ।

ਫੇਰ ਹਰੇ ਨਾ ਹੋਏ ਇਹ
ਐਸੇ ਗਿੱਲ ਨੇ ਗਾਲੇ ਰੁਖ ।

ਕੰਮ ਹਰ ਇਕ ਦੇ ਆਉਂਦੇ
ਕਰਮਾਂ ਭਾਗਾਂ ਵਾਲੇ ਰੁਖ ।

'ਸਫਰੀ' ਮੇਰੇ ਲੇਖਾਂ ਵਾਂਗ
ਕਿਸਮਤ ਜਾਲੇ ਕਾਲੇ ਰੁਖ

[illegible]

ਸੁਲੱਖਣ ਮੀਤ

ਝਿਲਮਿਲ-ਝਿਲਮਿਲ ਕਰਦੇ ਤਾਰੇ
ਪਰ ਨਾ ਚੰਨ ਕਿਤੇ
ਦਿਲ ਦਾ ਜ਼ਖ਼ਮ ਰਿਸੇ.

ਰਾਤ ਜਿਹੇ ਜਦ ਵਾਲਾਂ ਵਿੱਚ ਨਾ
ਟੁੰਗਿਆ ਫੁੱਲ ਕਿਸੇ
ਦਿਲ ਦਾ ਜ਼ਖ਼ਮ ਰਿਸੇ

ਉਮਰ ਤਲੀ 'ਤੇ ਜਦ ਨਾ ਆ ਕੇ
ਕੋਈ ਚੰਨ ਟਿਕੇ
ਦਿਲ ਦਾ ਜ਼ਖ਼ਮ ਰਿਸੇ

ਤਾਰਾ-ਤਾਰਾ ਟੋਲ ਲਿਆ ਮੈਂ
ਪਰ ਨਾ ਚੰਨ ਦਿਸੇ
ਦਿਲ ਦਾ ਜ਼ਖ਼ਮ ਰਿਸੇ.

ਅੰਬਰ ਵਰਕੇ ਉੱਤੇ ਮੈਥੋਂ
ਗਏ ਨਾ ਗੀਤ ਲਿਖੇ

ਦਿਲ ਦਾ ਜ਼ਖ਼ਮ ਰਿਸੇ.
ਦਿਲ ਦਾ ਜ਼ਖ਼ਮ ਰਿਸੇ.

ਬਲਜੀਤ ਮੋਗਾ

ਜਿੰਦ ਕੁੜੀ ਇਹ ਬਿਖਰੀ-ਬਿਖਰੀ
ਕਲੀਆਂ ਵਾਂਗਰ, ਸਖੀਆਂ ਦੇ ਸੰਗ
ਕਿਉਂ ਨਾ ਰਹਿੰਦੀ ਸੰਵਰੀ-ਸੰਵਰੀ !
ਅੰਬਰ ਵਿੱਚ ਇੱਕ ਰਿਸ਼ਮ ਰੁਪਹਿਲੀ
ਇੰਜ ਪਈ ਸਮਝਾਵੇ ਉਪਰੋਂ
ਧੁੱਪ ਦੀ ਕਾਤਰ ਰੂਪ ਤਿਰੇ ਤੇ
ਬਿਰਹੀ ਰੁੱਤ ਹੰਢਾਵੇ ਉਪਰੋਂ !
ਚੁੱਪ ਕੁੜੀ ਇਹ ਬਦਨ ਤਿਰੇ 'ਤੇ
ਰਹਿੰਦੀ ਕਿਉਂ ਹੈ ਉਤਰੀ-ਉਤਰੀ ?
ਸੁਪਨ-ਬਰੂੰਹੀਂ ਵਸਲ ਦੇ ਸਰਵਰ
ਕਿਰਨ ਜਿਹੀ ਇੱਕ ਜਦ ਵੀ ਤਰਦੀ
ਹਸਰਤ ਸਾਹਾਂ ਵਿੱਚ ਘੁਲ ਜਾਵੇ,
ਨੈਣੀਂ ਚਾਨਣ ਭਰਦੀ-ਭਰਦੀ !
ਅਗਲੇ ਹੀ ਛਿਣ ਹਸਰਤ 'ਤੇ ਪਰ
ਕਿਉਂ ਧੁੰਦ ਦਿੱਸਦੀ ਪਸਰੀ-ਪਸਰੀ ?
ਜਿੰਦ ਕੁੜੀ ਇਹ ਬਿਖਰੀ-ਬਿਖਰੀ
ਕਲੀਆਂ ਵਾਂਗਰ ਸਖੀਆਂ ਦੇ ਸੰਗ
ਕਿਉਂ ਨਾ ਰਹਿੰਦੀ ਸੰਵਰੀ-ਸੰਵਰੀ ?

HOME IS ALWAYS SWEET

SEE

PAUL GILL

THE PRESIDENT'S CLUB



FOR ALL KINDS OF YOUR PROPERTY NEEDS

BUS. 853-6411 **RES. 853-0493**

PAGER 853-0500 #398

BLOCK BROS. REALTY LTD.

32641, SOUTH FRASERWAY,

ABBOTSFORD,B.C.

FOR

IMMIGRATION AND ALL OTHER PROBLEMS

CONTACT

BARRISTER AND SOLICITOR

N. S. GILL
(N A S H)

NOTARY PUBLIC

- □ PERSONAL INJURY AND I.C.B.C CLAIMS
- □ DIVORCES
- □ IMMIGRATION
- □ ESTATES

RES. 826-8207 **BUS. 853-9322**

33232, SOUTH FRASER WAY

ABBOTSFORD,B.C.

NRS

NATIONAL REAL ESTATE SERVICE

□BUYING
□SELLING

Free Evaluation For Your Property
Call Any Time: Without Any Obligation

MEET

MALKIT DHAMI

M.A. (Eco.)

Phone. Office:321-6881


Res:879-9078

NATIONAL REAL ESTATE SERVICE

BLOCK BROS.
REALTY LIMITED
5842 Cambie Street, Vancouver,B.C.

SPECIALIST IN EAST INDIAN JEWELLERY







- ਡੀਜ਼ਾਈਨ ਤੁਸੀਂ ਆਪ ਚੁਣੋ ਤੇ ਬਣਾ ਕੇ ਅਸੀਂ ਦਿਆਂਗੇ ।
- ਸਾਡਾ ਬਣਾਇਆ ਹੋਇਆ ਗਹਿਣਾ ਕਿਤੇ ਅਪਰੇਜ਼ ਕਰਵਾਇਆ ਜਾ ਸਕਦਾ ਹੈ ।
- ਅਸੀਂ ਆਪਣੇ ਕੰਮ ਦੀ ਗਰੰਟੀ ਦਿੰਦੇ ਹਾਂ ਕੰਮ ਸਮੇਂ ਸਿਰ ਦਿੱਤਾ ਜਾਂਦਾ ਹੈ ।
- ਫੇਰੇ ਮਾਰਨ ਦੀ ਲੋੜ ਨਹੀਂ ।
- ਗਹਿਣਾ ਜਦੋਂ ਵੀ ਬਣਵਾਉਣਾ ਹੋਵੇ ਤਾਂ ਹਮੇਸ਼ਾਂ ਹੀ ਯਾਦ ਰੱਖੋ

ORIENTAL GOLD AND SILVER


JEWELLERY REPAIRS

SONI & SONS JEWELLERS

6538, MAIN ST.

(ENTRANCE AT BACK DOOR)
VANCOUVER, B.C.V5X 3G9

ਗੁਰਚਰਨ ਰਾਮਪੁਰੀ ਨੂੰ 1982 ਦਾ ਪੰਜਾਬ ਸਾਹਿਤ ਅਕਾਡਮੀ ਇਨਾਮ



ਰਾਮਪੁਰੀ — ਜੀਵਨ ਵਾਕਫੀ

ਜਨਮ — 23 ਜਨਵਰੀ 1929 ਨੂੰ ਰਾਮ ਪੁਰ - ਜ਼ਿਲ੍ਹਾ ਲੁਧਿਆਣਾ (ਭਾਰਤ) ਵਿਚ ਹੋਇਆ।

ਰਾਮਪੁਰ ਨਹਿਰ ਸਰਹੰਦ ਦੇ ਕੰਢੇ ਵਸਿਆ ਹੋਇਆ ਹੈ। ਪੰਜਾਬੀ ਲਿਖਾਰੀ ਸਭਾ ਰਾਮਪੁਰ ਪੰਜਾਬ ਦੇ ਕਿਸੇ ਪਿੰਡ ਵਿਚ ਬਣੀ ਪਹਿਲੀ ਜਥੇਬੰਦੀ ਸੀ ਜਿਸਨੇ ਇਸ ਸੂਬੇ ਵਿਚ ਸਾਹਿਤਕ ਜਾਗ੍ਰਤੀ ਲਿਆਉਣ ਵਿਚ ਉਚੇਚਾ ਹਿੱਸਾ ਪਾਇਆ ਹੈ। ਗੁਰਚਰਨ ਇਸਦੇ ਮੋਢੀ ਲੇਖਕਾਂ ਚੋਂ ਹੈ; ਕਈ ਸਾਲ ਇਸਦਾ ਪ੍ਰਧਾਨ ਰਹਿ ਚੁੱਕਾ ਹੈ। 1964 ਵਿਚ ਉਹ ਕੈਨੇਡਾ ਅਪੜ ਗਿਆ। ਜਿਥੇ ਪਹੁੰਚਕੇ ਉਸਨੇ ਹੋਰ ਲੇਖਕਾਂ ਨਾਲ ਮਿਲਕੇ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਬਣਾਈ ਜਿਸਦਾ ਉਹ ਮੋਢੀ ਪ੍ਰਧਾਨ ਸੀ। ਇੰਟਰਨੈਸ਼ਨਲ ਐਸੋਸੀਏਸ਼ਨ ਆਫ ਪੰਜਾਬੀ ਆਥਰਜ਼ ਐਂਡ ਆਰਟਿਸਟਸ (ਇਆਪਾ) ਦਾ ਸਕੱਤਰ ਸੀ। 1980 ਤੋਂ ਕੌਮਾਂਤਰੀ ਲਿਟਰੇਰੀ ਟ੍ਰਸਟ (ਕੈਨੇਡਾ) ਦਾ ਪ੍ਰਧਾਨ ਹੈ।

ਇਸ ਤੋਂ ਛੁੱਟ ਉਹ ਪੰਜਾਬ ਦੀ ਅਗਾਂਹ ਵਧੂ ਲ਼ਿਖਾਰੀ ਸਭਾ, ਕੇਂਦਰੀ ਪੰਜਾਬੀ ਲੇਖਕ ਸਭਾ, ਅਮਨ ਲਹਿਰ, ਕਿਸਾਨ ਲਹਿਰ, ਖੇਤ ਮਜ਼ਦੂਰ ਲਹਿਰ ਨਾਲ ਸਮੇਂ ਸਮੇਂ ਸਬੰਧਤ ਰਿਹਾ।

ਰਚਨਾਵਾਂ: ਕਣਕਾਂ ਦੀ ਖ਼ਸ਼ਬੋ(1953), ਕੌਲ ਕਰਾਰ (1960), ਕਿਰਨਾਂ ਦਾ ਆਲ੍ਹਣਾਂ(1963), ਅੰਨ੍ਹੀ ਗਲੀ(1972), ਕੰਚਨੀ(1970), Green Snow (ਹੋਰਨਾਂ ਲਈ ਸਾਂਝੀ)।

ਅਨੁਵਾਦ: ਰੂਸੀ, ਅੰਗਰੇਜ਼ੀ, ਗੁਜਰਾਤੀ, ਹਿੰਦੀ।

1981 ਵਿਚ ਪੰਜਾਬੀ ਲਿਖਾਰੀ ਸਭਾ ਰਾਮਪੁਰ ਵਲੋਂ ਗੁਰਚਰਨ ਨੂੰ ਸਨਮਾਨ ਦਿਤਾ ਗਿਆ।

ਪੰਜਾਬੀ ਕਵੀ ਗੁਰਚਰਨ ਰਾਮਪੁਰੀ ਨੂੰ 1982 ਦਾ ਪੰਜਾਬ ਸਾਹਿਤ ਅਕਾਡਮੀ ਇਲਾਮ ਦੇਣ ਦੇ ਫੈਸਲੇ ਦਾ ਐਲਾਨ ਕੀਤਾ ਗਿਆ ਹੈ।

3100 ਰੁਪਏ ਦਾ ਇਹ ਇਨਾਮ ਹਰ ਸਾਲ ਲੇਖਕ ਦੀ ਸਾਹਿਤਕ ਸੇਵਾ ਨੂੰ ਮੁੱਖ ਰੱਖਕੇ ਦਿੱਤਾ ਜਾਂਦਾ ਹੈ।

ਗੁਰਚਰਨ ਰਾਮਪੁਰੀ ਨੇ ਇੱਕ ਅਗਾਂਹ ਵਧੂ ਕਵੀ ਵਲੋਂ 1946 ਵਿਚ ਸਾਹਿਤਕ ਪਿੜ੍ਹ ਵਿੱਚ ਪ੍ਰਵੇਸ਼ ਕੀਤਾ। ਹੁਣ ਤੱਕ ਉਨ੍ਹਾਂ ਦੇ ਪੰਜ ਪੰਜਾਬੀ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। ਉਨ੍ਹਾਂ ਦੀਆਂ ਕਵਿਤਾਵਾਂ ਦਾ ਰੂਸੀ ਅਨੁਵਾਦ 1957 ਵਿੱਚ ਚਾਰ ਹੋਰ ਉੱਘੇ ਕਵੀਆਂ ਨਾਲ ਇਕੱਠਾ ਮਾਸਕੋ ਤੋਂ ਪ੍ਰਕਾਸ਼ਤ ਹੋਇਆ। ਇਹ ਅਨੁਵਾਦ ਸ੍ਰੀ ਮਤੀ ਨਤਾਸ਼ਾ ਤਾਲਿਸ ਤਾਇਆ ਨੇ ਕੀਤਾ ਸੀ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਕਵਿਤਾਵਾਂ ਦਾ ਅਨੁਵਾਦ ਅੰਗਰੇਜ਼ੀ, ਹਿੰਦੀ, ਗੁਜਰਾਤੀ ਆਦਿ ਵਿੱਵ ਵੀ ਹੋਇਆ ਹੈ।

ਭਾਰਤ ਦੀ ਵੰਡ ਪਿਛੋਂ ਸਮੇਂ ਸਮੇਂ ਪੰਜਾਬ ਵਿੱਚ ਤੁਰੀਆਂ ਅਨੇਕਾਂ ਸਾਹਿਤਕ ਅਤੇ ਹੋਰ ਲਹਿਰਾਂ ਵਿੱਚ ਰਾਮਪੁਰੀ ਨੇ ਕਵੀ ਵਲੋਂ ਆਪ ਹਿੱਸਾ ਪਾਇਆ; ਅਨੇਕਾਂ ਸਾਹਿਤਕ ਜਥੇਬੰਦੀਆਂ ਵਿੱਚ ਸਰਗਰਮ ਹਿੱਸਾ ਲਿਆ।

ਯਾਦ ਰਹੇ ਕਿ ਪੰਜਾਬ ਸਾਹਿਤ ਅਕਾਡਮੀ ਚੰਡੀਗੜ੍ਹ ਪੰਜਾਬ ਆਰਟਸ ਕਾਉਂਸਲ ਦੇ ਤਿੰਨ ਅੰਗਾਂ ਚੋਂ ਇੱਕ ਹੈ। ਕਾਉਂਸਲ ਦੇ ਪ੍ਰਧਾਨ ਡਾ. ਮਹਿੰਦਰ ਸਿੰਘ ਰੰਧਾਵਾ ਹਨ। ਪੰਜਾਬ ਸਾਹਿਤ ਅਕਾਡਮੀ ਦੇ ਪ੍ਰਧਾਨ ਸ. ਕਰਤਾਰ ਸਿੰਘ ਦੁੱਗਲ ਹਨ। ਅਨੇਕਾਂ ਉਘੇ ਪੰਜਾਬੀ ਸਾਹਿਤਕਾਰ ਤੇ ਕਲਾਕਾਰ ਇਨ੍ਹਾਂ ਸੰਸਥਾਵਾਂ ਦੇ ਮੈਂਬਰ ਹਨ।

ਗੁਰਚਰਨ ਰਾਮਪੁਰੀ 1964 ਤੋਂ ਵੈਨਕੂਵਰ ਵਿੱਚ ਰਹਿ ਰਹੇ ਹਨ। ਅਜ ਕਲ੍ਹ ਉਹ ਇੰਟਰਨੈਸ਼ਨਲ ਪੰਜਾਬੀ ਲਿਟ੍ਰੇਰੀ ਟ੍ਰਸਟ ਕੈਨੇਡਾ ਦੇ ਪ੍ਰਧਾਨ ਹਨ।

ਲਹੂ ਤੇ ਲਲਕਾਰ

ਇਹ ਕੇਹੇ ਈਮਾਨ ਵਾਲਿਆਂ ਦੀ ਬਸਤੀ ਹੈ
ਹਰ ਕੋਈ ਦੂਜੇ ਨੂੰ ਕਾਫਿਰ ਆਖ ਰਿਹਾ ਹੈ।

ਗੱਦੀਦਾਰਾਂ ਜਦੋਂ ਜਹਾਦੀ ਨਾਹਰਾ ਲਾਇਆ,
ਮੈਂ ਹਰ ਵਾਰੀ ਉਹਨਾਂ ਖਾਤਰ ਲਹੂ ਵਹਾਇਆ।

ਮੈਂ ਜਦ ਰਣ ਵਿਚ ਫੱਟੜ, ਅਧਬੇਹੋਸ਼ੀ ਅੰਦਰ ਹੂੰਗਾਂ ਮਾਰਾਂ
ਨਾਹਰੇ ਬਾਜ਼ ਆਪਣੇ ਮਹਿਲੀਂ
ਮੇਰੀ ਧੀ ਦੇ ਅਧਨੰਗੇ, ਨਚਦੇ ਅੰਗਾਂ ਦੀ ਥਰਕਣ ਉੱਤੇ
ਨਸ਼ੇ 'ਚ ਡੁੱਬੀਆਂ ਕਾਮੀ ਅੱਖਾਂ ਫੇਰਨ।

ਲਹੂ ਮੇਰੇ ਦਾ ਦਾਨ ਮੰਗਦਾ ਨਾਅਰਾ ਉਭਰੇ
ਕਦੇ ਧਰਮ ਦੇ ਖੂੰਜੇ ਵਿਚੋਂ,
ਕਦੇ ਕੌਮ ਦੀ ਝੋਲੀ ਵਿਚੋਂ,
ਨਸਲੀ ਸਾਏ ਨਾਲ ਲਿਬੜਿਆ।
ਰੰਗ, ਜਾਤ ਜਾਂ ਬੋਲੀ ਵਿਚੋਂ।

ਮੇਰੇ ਪੱਲੇ ਲਾਂਬੂ ਪਾਕੇ
ਸੋਨੇ ਦੇ ਮੋਰਾਂ ਦੀ ਪਿੱਠ ਤੇ ਬਣੇ ਤਖ਼ਤ ਤੇ ਡੇਰਾ ਲਾਉਂਦਾ,
ਫੇਰ ਮਿਰੇ ਤੇ ਹੁਕਮ ਚਲਾਉਂਦਾ।

ਰਣ ਖੇਤਰ ਵਿਚ ਦੂਜੇ ਪਾਸੇ ਲੜਦੇ ਜੋਧੇ
ਮੇਰੇ ਮਿੱਤਰਾਂ ਜਿਉਂ ਹੀ ਜਾਨਾਂ ਹੂਲਣ
ਦੋਵੇਂ ਸੈਨਾਪਤੀ ਆਪਣੇ ਝੰਡਿਆਂ ਵਲ ਤਲਵਾਰ ਉਠਾ ਕੇ,
ਆਪ ਹਿਫ਼ਾਜ਼ਤ ਭਰੀ ਪਨਾਹ ਚੋਂ
ਲੀਕ ਜਾਨ ਦੀ ਪਾਰ ਕਰਨ ਖਾਤਰ ਸਾਨੂੰ ਲਲਕਾਰਨ

ਦੋਵੇਂ ਪਾਸੇ ਸਾਡੀ ਰੱਤ ਮੁੱਕਣ ਤੋਂ ਪਿਛੋਂ
ਮਹਿਕੇ ਦਰਬਾਰਾਂ ਦੀ ਸ਼ਾਨ 'ਚ ਬਹਿ ਕੇ
ਮੋਮਨ, ਪੰਡਿਤ ਜਾਮ ਵਟਾਂਦੇ,
ਅਜ਼ਲੀ ਮਿਤਰਤਾ ਦੀਆਂ ਸੋਹਾਂ ਖਾਂਦੇ,
ਇਕ ਦੂਜੇ ਨੂੰ ਸੀਨੇ ਲਾਂਦੇ।

ਦੋਵੇਂ ਸਾਡੇ ਕੋਲੋਂ ਕਰ ਉਗਰਾਂਹਦੇ
ਮੂਰਖ ਦੋਹਾਂ ਦੀ ਕਰੂਪ ਝੋਲੀ ਵਿਚ ਮੋਹਰਾਂ ਪਾਂਦੇ।

ਸਾਡੇ ਡੂੰਘੇ ਜ਼ਖ਼ਮ ਜਦੋਂ ਅੰਗੂਰੇ ਜਾਂਦੇ,
ਝੱਲੇ ਆਪਣੇ ਬਾਗ਼ਾਂ ਦੇ ਤਮਗੇ ਲਟਕਾਂਦੇ।

ਮਾਇਆ, ਮਿਲਖ, ਰੂਪ ਜੈ ਜੈ ਦੇ ਲੋਭੀ,
ਨਵੇਂ ਬਹਾਨੇ ਨਾਅਰਾ ਲਾਂਦੇ।
ਕੋਈ ਰਤਾ ਅਕਲ ਦੀ ਆਖੇ
ਉਸ ਤੇ ਧ੍ਰੋਹੀ ਕਾਫ਼ਿਰ ਦੀ ਪਰਚੀ ਚਿਪਕਾਂਦੇ;
ਅਗਲੇ ਰਣ ਲਈ ਚਾਲੇ ਪਾਂਦੇ।

ਬੇ ਲੱੜਾ ਕਤਲਾਮ ਅਤੇ ਝੂਠੇ ਨਾਅਰੇ ਦਾ ਚੱਕਰ
ਜੀਵਨ ਦੇ ਸਿਰ ਪਾ ਇਹ ਰਾਖ ਰਿਹਾ ਹੈ।

ਇਹ ਕੇਹੇ ਈਮਾਨ ਵਾਲਿਆਂ ਦੀ ਬਸਤੀ ਹੈ
ਹਰ ਕੋਈ ਦੂਜੇ ਨੂੰ ਕਾਫ਼ਿਰ ਆਖ ਰਿਹਾ ਹੈ।

ਪੰਜਾਬਣਾਂ ਦਾ ਖੇਡ ਮੇਲਾ

ਇਕੱਠੇ ਹੋ ਕੇ ਖੁਸ਼ੀਆਂ ਮਨਾਉਣਾ ਪੰਜਾਬੀ ਮੁਟਿਆਰਾਂ ਦਾ ਚਰਿਤਰ ਹੈ। ਪੁਰਾਣੇ ਸਮਿਆਂ ਵਿਚ ਔਰਤਾਂ ਆਪ-ਣੀਆਂ ਯੋਗਤਾਵਾਂ ਅਤੇ ਹੋਣਹਾਰਤਾ ਦਾ ਪ੍ਰਗਟਾਵਾ ਮਰਦਾਂ ਸਾਹਮਣੇ ਨਹੀਂ




ਪੰਜਾਬਣਾਂ ਦੀ ਕਬੱਡੀ ਦਾ ਇਕ ਦ੍ਰਿਸ਼।

ਕਰ ਸਕਦੀਆਂ ਸਨ। ਬੰਦ ਕੰਧਾਂ ਪਿਛੇ ਹੀ ਉਨ੍ਹਾਂ ਨੂੰ ਆਪਣੀਆਂ ਕਿਰਿਆਵਾਂ ਸੀਮਤ ਰਖਣੀਆਂ ਪੈਂਦੀਆਂ ਸਨ। ਅੱਜ ਦੀ ਔਰਤ ਬਿਲਕੁਲ ਬਦਲ ਗਈ ਹੈ। ਸਮਾਜ ਵਿਚ ਇਸ ਨੂੰ ਪੂਰਨ ਆਜ਼ਾਦੀ ਹੈ। ਮਰਦਾਂ ਵਾਂਗ ਇਹ ਕੰਮ ਕਰਦੀ ਹੈ ਤੇ ਖੇਡਾਂ ਖੇਡਦੀ ਹੈ। ਫੁਟਬਾਲ ਦੀਆਂ ਉਚੀਆਂ ਕਿੱਕਾਂ ਲਾਉਂਦੀ ਹੈ। ਤਾਕਤ ਅਜ਼ਮਾਈ ਲਈ ਘੋਲ ਕਰਦੀ ਹੈ। ਬੱਲੇ ਅਤੇ ਬਾਲ ਨਾਲ ਕ੍ਰਿਕਟ ਖੇਡਦੀ ਹੈ। ਕਬੱਡੀ ਵਿਚ ਹੱਥੋਪਾਈ ਕਰਦੀ ਹੈ। ਗੱਲ ਕੀ ਕਿਸੇ ਗੱਲੋਂ ਵੀ ਆਪਣੇ ਆਪ ਨੂੰ ਮਰਦ ਨਾਲੋਂ ਪਿਛੇ ਨਹੀਂ ਸਮਝਦੀ। ਚਰਖਿਆਂ ਦੀ ਘੂੰ ਘੂੰ ਦੀ ਗੂੰਜ, ਤੀਆਂ ਦੇ ਹੁਲਾਰੇ ਅਤੇ ਗਿੱਧਿਆਂ ਦੀ ਧੜਕਣ ਦੀ ਮਹਿਸੂਸ ਅਜ ਖੇਡਾਂ ਵਿਚੋਂ ਕਰਦੀ ਹੈ। ਸਮਾਜ ਦੀ ਸਿਰਜਣਾ ਲਈ ਚੰਗੀ ਸਿਹਤ, ਉਚਾ ਆਚਰਣ, ਅਥਾਹ ਸ਼ਕਤੀ, ਪੱਕੇ ਇਰਾਦੇ ਅਤੇ ਭਰਪੂਰ ਸਹਿਣ ਸ਼ਕਤੀ ਦੇ ਗੁਣ ਔਰਤਾਂ ਵਿਚ ਹੋਣੇ ਬਹੁਤ ਜ਼ਰੂਰੀ ਹਨ। ਖੇਡਾਂ ਦੀ ਮਹਾਨਤਾ ਅਤੇ ਮਹੱਤਤਾ ਨੂੰ ਸਮਝਿਦਿਆਂ ਹੋਇਆਂ ਪੰਜਾਬ ਖੇਡ ਵਿਭਾਗ ਨੇ ਪਿਛੇ ਜਿਹੇ ਪਟਿਆਲਾ ਵਿਖੇ ਪੰਜਾਬਣਾਂ ਲਈ ਇਕ ਵਿਸ਼ਾਲ ਖੇਡ ਮੇਲਾ ਕਰਵਾਇਆ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੀਆਂ ਲੜਕੀਆਂ ਇਕ ਪਲੇਟ ਫਾਰਮ 'ਤੇ ਲਿਆ ਕੇ ਇਕੱਠੀਆਂ ਕਰ ਦਿਤੀਆਂ ਜਿਥੇ ਤ੍ਰਿੰਞਣ ਵੀ ਸੀ ਤੇ ਤੀਆਂ ਵੀ।

ਸੱਜਵਿਆਹੀ ਮੁਟਿਆਰ ਵਾਂਗ ਸਟੇਡੀਅਮ ਨੂੰ ਪੂਰਾ ਸੰਵਾਰਿਆ ਲਿਸ਼ਕਾਇਆ ਗਿਆ ਸੀ। ਚਾਰੇ ਪਾਸੇ ਰੰਗ ਬਰੰਗੇ ਝੰਡੇ ਲਹਿਰਾ ਰਹੇ ਸਨ। ਬੈਂਡ ਦੀ ਮਧੁਰ ਧੁਨ ਨਾਲ ਸਟੇਡੀਅਮ ਦੇ ਚੜ੍ਹਦੇ ਵਾਲੇ ਪਾਸਿਉਂ ਬਾਰ੍ਹਾਂ ਜ਼ਿਲਿਆਂ ਦੇ ਖਿਡਾਰੀ ਰੰਗ ਬਰੰਗੀਆਂ ਪੁਸ਼ਾਕਾਂ ਪਾਈ ਸਟੇਡੀਅਮ ਵਿਚ ਮਾਰਚ ਪਾਸਟ ਕਰਦੇ ਦਾਖਲ ਹੋਏ। ਪਲਾਂ ਵਿਚ ਹੀ ਖਿਡਾਰੀਆਂ ਨੇ ਸਾਰੇ ਸਟੇਡੀਅਮ ਨੂੰ ਆਪਣੀ ਗਲ-ਵਕੜੀ ਵਿਚ ਲੈ ਲਿਆ। ਖਿਡਾਰੀਆਂ ਪਿਛੇ ਚਿਟੀਆਂ ਪੁਸ਼ਾਕਾਂ, ਲਾਲ ਪੱਗਾਂ ਅਤੇ ਨੀਲੇ ਰੰਗ ਦੇ ਕੋਟਾਂ ਵਿਚ ਕੋਚਾਂ ਦੇ ਹੱਥਾਂ ਵਿਚ ਫੜੇ ਲਹਿਰਾਉਂਦੇ ਰੰਗ ਬਰੰਗੇ ਝੰਡਿਆਂ ਵਿਚ ਮਾਰਚ ਕਰਦੇ ਇਕ ਲਸ਼ਕਰ ਦੀ ਤਸਵੀਰ ਪੇਸ਼ ਕਰ ਰਹੇ ਸਨ। ਬੰਬਾਂ ਦੀ ਗੂੰਜ, ਕਬੂਤਰਾਂ ਦੀ ਉਡਾਰੀ ਤੇ ਗੈਸੀ ਗੁਬਾਰਿਆਂ ਦੀਆਂ ਉਡਾਨਾਂ ਨਾਲ ਇਸ ਖੇਡ ਮੇਲੇ ਦਾ ਉਦਘਾਟਨ ਹੋਇਆ। ਉਦਘਾਟਨ ਦੇ ਅਗਲੇ ਦਿਨ ਖੇਡਾਂ ਆਰੰਭ ਹੋਈਆਂ। ਕਿਤੇ ਜਿਮਨਾਸਟਿਕ ਦੀਆਂ ਕਲਾ-ਬਾਜ਼ੀਆਂ ਤੇ ਕਿਤੇ ਫੁਟਬਾਲ ਦੀਆਂ ਉਚੀਆਂ ਕਿੱਕਾਂ। ਪਾਣੀ ਦੀਆਂ ਡੁਬਕੀਆਂ, ਟੇਬਲ ਟੈਨਿਸ ਦੀਆਂ ਚੋਜਾਂ। ਕਬੱਡੀ ਦੀਆਂ ਕਿਲਕਾਰੀਆਂ ਤੇ ਖੋ ਖੋ ਦੀਆਂ ਡਾਈਆਂ। ਵਾਲੀਬਾਲ ਦੀਆਂ ਜੁਸ਼ੀ-ਲੀਆਂ ਵਾਲੀਆਂ ਤੇ ਬਾਸਕਟ ਬਾਲ ਦੀਆਂ ਖੜਮਸਤੀਆਂ। ਜੂਡੋ ਦੇ ਕਮਾਲ ਤੇ ਲਾਅਨ ਟੈਨਿਸ ਦੀਆਂ ਭੇੜਾਂ। ਐਥਲੈਟਿਕਸ ਦੀਆਂ ਦੌੜਾਂ ਤੇ ਹਾਕੀ ਦੀਆਂ ਟੱਕਰਾਂ। ਹੈਂਡਬਾਲ ਦੇ ਧਮਾਕੇ ਤੇ ਸਾਈਕਲ ਦੌੜਾਂ ਦੀਆਂ ਗੂੰਜਾਂ। ਚੋਂਦਾਂ ਖੇਡਾਂ ਤੇ ਚੋਂਦਾਂ ਸੌ ਖਿਡਾਰੀ।

ਜਿਮਨਾਸਟਿਕ ਦੇ ਅਖਾੜੇ ਵਿਚ ਰਬੜ ਦੀਆਂ ਗੁੱਡੀਆਂ ਵਾਂਗ ਬੁੜ੍ਹਕਦੀਆਂ ਲੜਕੀਆਂ ਕਮਾਲ ਦਿਖਾ ਰਹੀਆਂ ਸਨ। ਜਲੰਧਰ ਦੀ ਰਾਜ ਦਾ ਕੋਈ ਮੁਕਾਬਲਾ ਨਹੀਂ ਸੀ ਪਰ ਪਟਿਆਲੇ ਦੀਆਂ ਸਵੱਪਨਾ ਤੇ ਸ਼ੋਭਾ ਵੀ ਘਟ ਨਹੀਂ ਸਨ। ਦਸ ਜ਼ਿਲਿਆਂ ਦੇ 80 ਜਿਮਨਾਸਟਾਂ ਦੇ ਮੁਕਾਬਲਿਆਂ ਵਿਚ ਜਲੰਧਰ ਤੇ ਪਟਿਆਲਾ 122.70 ਅੰਕਾਂ ਨਾਲ ਅੱਗੇ ਰਹੇ। ਤੇ ਗੁਰਦਾਸਪੁਰ ਦੇ ਜਿਮਨਾਸਟਾਂ ਨੇ ਦੂਜਾ ਸਥਾਨ ਲਿਆ। ਛੋਟੀ ਛੋਟੀ ਉਮਰ ਦੇ ਜਿਮਨਾਸਟਾਂ ਦੇ ਇਹਨਾਂ ਮੁਕਾਬਲਿਆਂ ਵਿਚ ਸ਼ੋਭਾ, ਰਾਜ, ਸਵੱਪਨਾ ਤੇ ਓਮਿੰਦਰ ਦਾ ਪਰਦਰਸ਼ਨ ਕਾਫੀ ਸ਼ਲਾਘਾਯੋਗ ਰਿਹਾ। ਲਾਅਨ ਟੈਨਿਸ ਵਿਚ ਕੇਵਲ ਤਿੰਨ ਜ਼ਿਲ੍ਹਿਆਂ ਨੇ ਭਾਗ ਲਿਆ। ਪਟਿਆਲੇ ਨੇ ਪਹਿਲਾ ਤੇ ਲੁਧਿਆਣਾ ਨੇ ਦੂਜਾ। ਟੈਨਿਸ ਦੇ ਮੁਕਾ-ਬਲਿਆਂ ਵਿਚ ਸੀਮਾ ਮਹਿਤਾ, ਮੀਨੂ ਕਿਸ਼ਨ ਤੇ ਹਰੀਨਾ ਬਾਲਕਿਸ਼ਨ ਦੀ ਖੇਡ ਬਹੁਤ ਸਰਾਹੀ ਗਈ। ਸਾਈਕਲ ਦੌੜਾਂ ਵਿਚ ਪਟਿਆਲੇ ਨੂੰ ਅੰਮ੍ਰਿਤ ਗਰੇਵਾਲ ਤੇ ਅਸ਼ਵੰਤ ਕੌਰ ਨੇ ਪਹਿਲਾ ਸਥਾਨ ਦਿਵਾਉਣ ਵਿਚ ਕੋਈ ਕਸਰ ਬਾਕੀ ਨਾ ਛੱਡੀ। ਗੁਰਦਾਸਪੁਰ ਨੇ ਸਾਈਕਲਿੰਗ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ। ਜੂਡੋ ਵਿਚ ਸੱਤ ਜ਼ਿਲਿਆਂ ਦੀਆਂ 35 ਲੜਕੀਆਂ ਵਿਚ ਜ਼ੋਰਦਾਰ ਮੁਕਾਬਲੇ ਰਹੇ। ਅਲਕਾ ਪੰਡਿਤ (ਹੁਸ਼ਿ-ਆਰਪੁਰ), ਨਰਿੰਦਰ ਕੰਬੋਜ਼(ਪਟਿਆਲਾ), ਸੋਨੀਆ (ਜਲੰਧਰ) ਅਤੇ ਸਰਬਜੀਤ (ਹੁਸ਼ਿਆਰਪੁਰ) ਨੇ ਕਮਾਲਾਂ ਕਰ ਦਿਖਾ-ਈਆਂ। ਜਿੱਤ ਹੋਈ ਹੁਸ਼ਿਆਰਪੁਰ ਜ਼ਿਲੇ ਦੀ। ਜਲੰਧਰ ਦੂਜੇ ਨੰਬਰ 'ਤੇ ਰਿਹਾ। ਹਾਕੀ ਵਿਚ ਜਲੰਧਰ ਦੀਆਂ ਖਿਡਾਰਨਾਂ ਨੇ ਇਕ ਨਾ ਗਿਣਨ ਦਿਤੀ। ਅੰਤਿਮ ਮੈਚ ਵਿਚ ਪਟਿਆਲੇ ਦੀ ਮਜ਼ਬੂਤ ਟੀਮ ਨੂੰ 2-0 ਦੇ ਗੋਲਾਂ ਦੇ ਫਰਕ ਨਾਲ ਹਰਾ ਕੇ



ਲੜਕੀਆਂ ਦੀ ਸਾਈਕਲ ਦੌੜ ਦਾ ਇਕ ਨਜ਼ਾਰਾ

ਪਹਿਲਾ ਸਥਾਨ ਪ੍ਰਾਪਤ ਕੀਤਾ। ਹਾਕੀ ਵਿਚ ਪ੍ਰਿਤਪਾਲ ਕੌਰ (ਜਲੰਧਰ), ਨਿਸ਼ਾ ਸ਼ਰਮਾ (ਪਟਿਆਲਾ) ਅਤੇ ਸਰੋਜ ਬਾਲਾ (ਪਟਿਆਲਾ) ਜਿਹੀਆਂ ਅੰਤਰਰਾਸ਼ਟਰੀ ਪੱਧਰ ਦੀਆਂ ਖਿਡਾਰਨਾਂ ਨੇ ਭਾਗ ਲਿਆ। ਵਾਲੀਬਾਲਵਿਚ ਜਲੰਧਰ ਨੇ ਪਟਿਆਲੇ ਨੂੰ ਅੰਤਿਮ ਮੈਚ ਵਿਚ ਬੁਰੀ ਤਰ੍ਹਾਂ ਹਰਾਇਆ। ਖੋ-ਖੋ ਵਿਚ ਪਟਿਆਲੇ ਨੇ ਜਲੰਧਰ ਨੂੰ ਤਕੜੀ ਹਾਰ ਦੇ ਕੇ ਬਦਲਾ ਲੈ ਲਿਆ। ਅੰਮ੍ਰਿਤਸਰ ਨੇ ਫੁਟਬਾਲ ਦੀ ਟਰਾਫੀ ਜਿੱਤ ਕੇ ਸਭ ਨੂੰ ਹੈਰਾਨ ਕਰ ਦਿਤਾ। ਸਾਰੇ ਫੁਟਬਾਲ ਮੈਚਾਂ ਵਿਚ ਕੇਵਲ ਇਕ ਗੋਲ ਹੋਇਆ ਜਿਹੜਾ ਲੁਧਿਆਣੇ ਨੇ ਹੁਸ਼ਿਆਰਪੁਰ ਵਿਰੁਧ ਕੀਤਾ। ਬਾਕੀ ਸਾਰੇ ਮੈਚਾਂ ਦਾ ਫੈਸਲਾ ਪੈਨਲਟੀ ਕਿੱਕਾਂ ਰਾਹੀਂ ਹੋਇਆ। ਬਾਸ-ਕਟਬਾਲ ਵਿਚ ਪਟਿਆਲੇ ਦੀਆਂ ਖਿਡਾ-ਰਨਾਂ ਨੇ ਅਸਾਨੀ ਨਾਲ ਮੁਕਾਬਲੇ ਜਿੱਤ ਲਏ। ਕਪੂਰਥਲਾ ਦੂਜੇ ਸਥਾਨ 'ਤੇ ਰਿਹਾ। ਅੰਮ੍ਰਿਤਸਰ ਨੇ ਟੇਬਲ ਟੈਨਿਸ ਮੁਕਾਬਲੇ ਜਿੱਤੇ। ਜਲੰਧਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅਥਲੈਟਿਕਸ ਵਿਚ ਅੰਮ੍ਰਿਤਸਰ ਜ਼ਿਲਾ ਅੱਗੇ ਰਿਹਾ। ਅੰਮ੍ਰਿਤਸਰ ਦੀ ਸੁਰ-ਜੀਤ ਕੌਰ ਸਰਬੋਤਮ ਅਥਲੀਟ ਚੁਣੀ ਗਈ। ਜ਼ਿਲਾ ਜਲੰਧਰ ਦੂਜੇ ਨੰਬਰ 'ਤੇ ਰਿਹਾ। ਹੈਂਡਬਾਲ ਵਿਚ ਲੁਧਿਆਣਾ ਅਤੇ ਪਟਿਆਲਾ ਵਿਚਕਾਰ ਅੰਤਮ ਮੁਕਾਬਲਾ ਡਟਵਾਂ ਰਿਹਾ ਪਰ ਫਤਹਿ ਲੁਧਿਆਣੇ ਦੀਆਂ ਖਿਡਾਰਨਾਂ ਦੀ ਹੋਈ। ਕਬੱਡੀ ਵਿਚ ਕਪੂਰਥਲੇ ਨੇ ਹੁਸ਼ਿਆਰਪੁਰ ਨੂੰ ਹਰਾ ਕੇ ਸਫਲਤਾ ਪ੍ਰਾਪਤ ਕੀਤੀ ਤੇ ਅਪਣੀ ਰਵਾਇਤੀ ਸ਼ਾਨ ਰੱਖੀ। ਤੈਰਾਕੀ ਮੁਕਾਬਲਿਆਂ ਵਿਚ ਅੰਮ੍ਰਿਤਸਰ ਅੱਗੇ ਰਿਹਾ।

ਜਿਉਂ ਜਿਉਂ ਏਸ਼ਿਆਈ ਖੇਡਾਂ ਨੇੜੇ ਆ ਰਹੀਆਂ ਹਨ ਤਿਉਂ ਤਿਉਂ ਸਾਡੇ ਦੇਸ਼ ਵਿਚ ਖੇਡ ਗਤੀ ਵਿਧੀਆਂ ਦੀ ਰਫਤਾਰ ਤੇਜ਼ ਹੋ ਰਹੀ ਹੈ। ਏਸ਼ਿਆਡ ਖੇਡ ਸਹੂਲਤਾਂ ਨੂੰ ਪਰਖਣ ਲਈ ਪਿਛੇ ਜਿਹੇ ਟਰਾਇਲ ਖੇਡਾਂ ਕਰਵਾਈਆਂ ਗਈਆਂ। ਏਸ਼ਿਆਈ ਖੇਡਾਂ ਆਰੰਭ ਹੋਣ ਤੋਂ ਹੁਣ ਇਕ ਮਹੀਨਾ ਪਹਿਲਾਂ ਫੇਰ ਕੌਮੀ ਖੇਡ ਮੇਲਾ ਕਰਵਾਇਆ ਜਾ ਰਿਹਾ ਹੈ।

ਪੰਜਾਬ ਖੇਡ ਮੇਲੇ ਵਿਚ ਭੇਜਣ ਲਈ ਪੰਜਾਬਣਾਂ ਦਾ ਇਕ ਮਜ਼ਬੂਤ ਟੋਲਾ ਤਿਆਰ ਕਰ ਰਿਹਾ ਹੈ।

ਸੱਦੇ ਭੇਜੇ-ਕਿਸੇ ਵੀ ਦੇਸ਼ ਨੇ ਏਸ਼ੀਆਈ ਖੇਡਾਂ 'ਚ ਹਿੱਸਾ ਲੈਣ ਤੋਂ ਨਾਂਹ ਨਹੀਂ ਕੀਤੀ

ਨਵੀਂ ਦਿੱਲੀ — (ਭਾਰਤੀ) ਖੇਡ ਮੰਤਰੀ ਸ: ਬੂਟਾ ਸਿੰਘ ਨੇ ਅਜ ਲੋਕ ਸਭਾ ਵਿਚ ਦਸਿਆ ਕਿ ਨੌਵੇਂ ਏਸ਼ੀਆਈ ਖੇਡ 1982 ਦੀ ਵਿਸ਼ੇਸ਼ ਆਯੋਜਨ ਕਮੇਟੀ ਵਲੋਂ ਜਿਨਾਂ ਦੇਸ਼ਾਂ ਨੂੰ ਸਦੇ ਭੇਜੇ ਗਏ ਸਨ, ਉਹਨਾਂ ਵਿਚੋਂ ਕਿਸੇ ਵੀ ਦੇਸ਼ ਨੇ ਏਸ਼ੀਆਰਡ ਵਿਚ ਹਿਸਾ ਲੈਣ ਤੋਂ ਇਨਕਾਰ ਨਹੀਂ ਕੀਤਾ ਹੈ।

ਇਕ ਸੁਆਲ ਦੇ ਉਤਰ ਵਿਚ ਉਨ੍ਹਾਂ ਨੇ ਦਸਿਆ ਕਿ ਟਿਕਟਾਂ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਅਤੇ ਤਿੰਨ ਲਖ ਤੋਂ ਵਧ ਆਬਾਦੀ ਵਾਲੇ ਸ਼ਹਿਰਾਂ ਵਿਚ ਵਿਕਰੀ ਲਈ ਭੇਜੀਆਂ ਗਈਆਂ ਸਨ। ਇਸਦੇ ਇਲਾਵਾ ਟਿਕਟਾਂ ਵਖ 2 ਸ਼ਹਿਰਾਂ ਵਿਚ ਦਿੱਲੀ ਤੋਂ ਉਨਾਂ ਦੀ ਨੇੜਤਾ, ਆਬਾਦੀ ਅਤੇ ਵਖ-ਵਖ ਖੇਡਾਂ ਦੀ ਲੋਕਪ੍ਰਿਯਤਾ ਦੇ ਆਧਾਰ ਤੇ ਭੇਜੀਆਂ ਗਈਆਂ ਸਨ।

ਉਨ੍ਹਾਂ ਨੇ ਦਸਿਆ ਕਿ 28 ਸਤੰਬਰ ਤਕ ਦੀ ਸਥਿਤੀ ਦੇ ਅਨੁਸਾਰ ਦੇਸ਼ ਵਿਚ ਆਮ ਵਿਕਰੀ ਲਈ ਜਾਰੀ ਕੀਤੀ ਗਈ ਬਿਨਾਂ ਵਿਕਰੀ ਟਿਕਟਾਂ ਦੀ ਗਿਣਤੀ 583323 ਸਨ। ਇਸਦੇ ਇਲਾਵਾ ਖੇਡ ਸੈੱਟ, ਸੰਸਦ ਮੈਂਬਰਾਂ ਆਦਿ ਵਰਗੀਆਂ ਵਖ ਵਖ ਰੀਜ਼ਰਵ ਸ਼ਰੇਣੀਆਂ ਲਈ ਟਿਕਟਾਂ ਦੀ ਵਿਕਰੀ ਵੀ ਸ਼ੁਰੂ ਹੋ ਗਈ ਹੈ।

ਖੇਡ ਮੰਤਰੀ ਨੇ ਇਕ ਹੋਰ ਸੁਆਲ ਦੇ ਉਤਰ ਵਿਚ ਦਸਿਆ ਕਿ ਏਸ਼ੀਆਈ ਦੀਆਂ ਟਿਕਟਾਂ ਭਾਰਤੀ ਸਟੇਟ ਬੈਂਕ ਦੇ ਜਰੀਏ ਨਾਲ ਭਾਰਤ ਦੇ 91 ਸ਼ਹਿਰਾਂ 'ਚ ਅਤੇ ਏਅਰ ਇੰਡੀਆ ਅਤੇ ਇੰਡੀਅਨ ਏਅਰ ਲਾਇਨਜ਼ ਦੇ ਜਰੀਏ ਤੋਂ ਬਾਹਰ ਦੇ 35 ਦੇਸ਼ਾਂ 'ਚ 129 ਵਿਕਰੀ ਕੇਂਦ੍ਰਾਂ ਤੇ ਉਚਿਤ ਢੰਗ ਨਾਲ ਵੇਚੀਆਂ ਗਈਆਂ ਹਨ।

ਇਕ ਹੋਰ ਸੁਆਲ ਦੇ ਉਤਰ 'ਚ ਖੇਡ ਮੰਤਰੀ ਨੇ ਦਸਿਆ ਕਿ ਏਸ਼ੀਆਈ ਖੇਡਾਂ ਦੀ ਵਿਸ਼ੇਸ਼ ਸੰਗਠਨ ਕਮੇਟੀ ਦਾ ਵਿਚਾਰ ਖੇਡਾਂ ਵਿਚ ਹਿੱਸਾ ਲੈਣ ਲਈ ਵਿਦੇਸ਼ਾਂ ਨਾਲ ਆਏ ਵਿਅਕਤੀਆਂ ਲਈ ਖੇਡ ਦੇ ਪ੍ਰਦਰਸ਼ਨ ਸਬੰਧੀ ਸਾਹਿਤ ਵੰਡਣ ਦਾ ਫੈਸਲ ਕੀਤਾ ਹੈ।

ਲੁਧਿਆਣਾ ਵਿਚ ਮਿੰਨੀ ਮੀਟ

ਲੁਧਿਆਣਾ, (ਏ ਐਸ. ਰਾਏ)—ਗੁਰੂ ਨਾਨਕ ਸਟੇਡੀਅਮ ਵਿਚ 14 ਤੋਂ 17 ਅਕਤੂਬਰ ਤਕ ਚੌਥੀ ਪ੍ਰਾਇਮਰੀ ਮਿਨੀ ਸਕੂਲ ਸਪੋਰਟਸ ਮੀਟ ਹੋਵੇਗੀ। ਜਿਸ ਵਿਚ 6 ਸਾਲ ਤੋਂ 11 ਸਾਲ ਤਕ ਦੀ ਉਮਰ ਦੇ 1000 ਪ੍ਰਾਇਮਰੀ ਵਿਦਿਆਰਥੀ ਭਾਗ ਲੈਣਗੇ

28 ਤੋਂ ਹਰਿਆਣਾ ਮਹਿਲਾ ਹਾਕੀ

ਹਿਸਾਰ, (ਏ. ਐਸ. ਰਾਏ)——ਹਰਿਆਣਾ ਹਾਕੀ ਐਸੋਸੀਏਸ਼ਨ ਦੀ ਪ੍ਰਧਾਨ ਸ੍ਰੀਮਤੀ ਵੀਨਾ ਸਹਿਗਲ ਸੂਚਨਾ ਦੇਂਦੀ ਹੈ ਕਿ ਹਰਿਆਣਾ ਰਾਜ ਮਹਿਲਾ ਹਾਕੀ ਚੈਂਪੀਅਨਸ਼ਿਪ ਇਸ ਸਾਲ ਇਥੇ 28 ਤੋਂ 31 ਅਕਤੂਬਰ ਤਕ ਕਰਵਾਈ ਜਾਵੇਗੀ।

ਭਾਰਤੀ ਐਥਲੈਟਿਕ ਟੀਮ ਦੀ ਚੋਣ

ਪਟਿਆਲਾ, (ਏ. ਐਸ ਰਾਏ)—ਐਨ ਆਈ. ਐਸ. ਪਟਿਆਲਾ ਤੋਂ ਪ੍ਰਾਪਤ ਸੂਚਨਾ ਅਨੁਸਾਰ ਅਗਾਮੀ ਏਸ਼ਿਆਈ ਖੇਡਾਂ ਲਈ ਭਾਰਤੀ ਪੁਰਸ਼ ਐਥਲੈਟਿਕ ਟੀਮ ਦੀ ਚੋਣ ਜੋ 14 ਤੋਂ 16 ਅਕਤੂਬਰ ਨੂੰ ਪਟਿਆਲਾ ਵਿਚ ਹੋਣੀ ਸੀ। ਹੁਣ 20 ਤੋਂ 22 ਅਕਤੂਬਰ ਨੂੰ ਜਵਾਹਰ ਲਾਲ ਨਹਿਰੂ ਸਟੇਡੀਅਮ ਦਿਲੀ ਵਿਚ ਹੋਵੇਗੀ ਐਥ-ਲੈਟਿਕ ਮਹਿਲਾ ਟੀਮ ਦੀ ਚੋਣ ਵੀ 20 ਤੋਂ 24 ਅਕਤੂਬਰ ਨੂੰ ਮਹਿਲਾ ਖੇਡ ਸਮਾਰੋਹ ਵਿਚ ਪ੍ਰਦਰਸ਼ਨ ਦੇ ਆਧਾਰ ਤੇ ਹੋਵੇਗੀ।

ਮਾਹਿਲਪੁਰ ਫੁਟਬਾਲ ਟੂਰਨਾਮੈਂਟ 25 ਤੋਂ

ਪੰਜਾਬ ਹਾਕੀ ਐਸੋਸੀਏਸ਼ਨ ਦੇ ਨਵੇਂ ਅਹੁਦੇਦਾਰਾਂ ਦਾ ਐਲਾਨ

ਚੰਡੀਗੜ੍ਹ – ਪੰਜਾਬ ਖੇਡ ਵਿਭਾਗ ਦੇ ਡਾਇਰੈਕਟਰ ਅਤੇ ਭਾਰਤੀ ਹਾਕੀ ਟੀਮ ਦੀ ਟਰੇਨਿੰਗ ਦੇ ਡਾਇਰੈਕਟਰ ਨੇ ਪੰਜਾਬ ਹਾਕੀ ਐਸੋਸੀਏਸ਼ਨ ਲਈ ਰਹਿੰਦੇ ਤਿੰਨ ਉਪ ਪ੍ਰਧਾਨਾਂ ਵਿਚੋਂ ਇਕ ਦੀ ਨਿਯੁਕਤੀ ਕਰ ਦਿਤੀ ਹੈ। ਪੰਜਾਬ ਹਾਕੀ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਜੇ. ਐਸ. ਆਨੰਦ ਨੇ ਐਸੋਸੀਏਸ਼ਨ ਦੇ ਨਵੇਂ ਅਹੁਦੇਦਾਰਾਂ ਦਾ ਐਲਾਨ ਕਰਦਿਆਂ ਕਿਹਾ ਕਿ ਉਪ ਪ੍ਰਧਾਨਾਂ ਦੀਆਂ ਅਸਾਮੀਆਂ ਬਾਅਦ ਵਿਚ ਭਰੀਆਂ ਜਾਣਗੀਆਂ। ਨਵੇਂ ਅਹੁਦੇਦਾਰਾਂ ਵਿਚ ਪ੍ਰਧਾਨ ਜੇ. ਐਸ. ਅਨੰਦ ਉਪ ਪ੍ਰਧਾਨ ਸ/ ਬਲਬੀਰ ਸਿੰਘ ਏ. ਐਸ. ਰਾਣਾ, ਅਤੇ ਡਾਕਟਰ ਐਮ. ਐਸ. ਸੰਧੂ (ਗੁਰੂ ਨਾਨਕ ਦੇਵ ਯੂਨੀਵਰਸਿਟੀ) ਸਕੱਤਰ ਸ੍ਰੀ ਜੀ. ਆਈ. ਐਸ. ਭੁੱਲਰ ਐਸ. ਐਸ. ਪੀ. ਜਲੰਧਰ ਜਾਇੰਟ ਸਕੱਤਰ ਕਪੂਰ ਸਿੰਘ (ਅੰਮ੍ਰਿਤਸਰ) ਰਮੇਸ਼ ਕੋਹਲੀ (ਜਲੰਧਰ) ਤੇ ਰਾਜ ਕੁਮਾਰ (ਪੰਜਾਬ ਆਰਮਡ ਪੁਲਿਸ) ਖਜ਼ਾਨਚੀ ਐਸ. ਐਸ. ਸੈਣੀ (ਰੋਪੜ) ਹਨ, ਕਾਰਜ਼ਕਾਰੀ ਮੈਂਬਰਾਂ ਵਿਚ ਐਸ. ਐਸ. ਬੈਂਸ (ਐਸ. ਐਸ. ਪੀ. ਅੰਮ੍ਰਿਤਸਰ) ਊਧਮ ਸਿੰਘ (ਬੀ. ਐਸ. ਐਫ.) ਤੇ ਆਰ. ਐਨ. ਗਿੱਲ (ਪਲਿਸ ਟਰੇਨਿੰਗ ਸਕੂਲ ਜਹਾਨ ਖੇਲਾਂ) ਲਏ ਹਨ।

ਏਸ਼ੀਆਡ ਭੰਗੜਾ ਟੀਮ ਵਿਚ ਵੀ ਸਿਫਾਰਸ਼ੀ ਮੁੰਡੇ ਲੈਣ ਦਾ ਦੋਸ਼

ਫ਼ਿਲਮ ਸਮੀਖਿਆ

ਚੰਨ ਪ੍ਰਦੇਸੀ

ਪੰਜਾਬੀ ਫਿਲਮ 'ਚੰਨ ਪ੍ਰਦੇਸੀ' ਇਕ ਸਾਫ-ਸੁਥਰੀ ਤੇ ਸੁਚੀ ਫਿਲਮ ਹੈ। ਸਾਫ-ਸੁਥਰੀ ਤੋਂ ਮੁਰਾਦ ਇਹ ਹੈ ਕਿ ਇਹ ਪਹਿਲੀ ਪੰਜਾਬੀ ਫਿਲਮ ਹੈ ਜਿਸਨੇ ਚਾਲੂ ਪੰਜਾਬੀ ਫਿਲਮੀ ਫਾਰਮੂਲਾ (ਡਬਲ ਮੀਨਿੰਗ, ਬੇਸੁਰੀ ਕਾਮੇਡੀ) ਜੋ ਹੁਣ ਤਕ ਜ਼ਰੂਰੀ ਮਸਾਲਾ ਸਮਝਿਆ ਜਾਂਦਾ ਸੀ, ਤੋਂ ਪੰਜਾਬੀ ਦਰਸ਼ਕਾਂ ਨੂੰ ਛੁਟਕਾਰਾ ਦਿਵਾਉਣ ਦਾ ਸ਼ਲਾਘਾਯੋਗ ਕਦਮ ਚੁਕਿਆ ਹੈ ਤੇ ਪੰਜਾਬੀ ਫਿਲਮ ਨਿਰਮਾਣ ਕਲਾ ਵਲ ਸਹੀ ਤੇ ਲੋੜੀਂਦਾ ਉਪਰਾਲਾ ਕੀਤਾ ਹੈ।

ਕਹਾਣੀ ਆਮ ਕਹਾਣੀ ਹੈ। ਪਿੰਡ ਦਾ ਇਸ਼ਕ, ਇਸ਼ਕ ਵਿਚ ਵਿਛੋੜਾ, ਵਿਛੋੜੇ ਦੀ ਅਗ, ਅਗ ਲਾਉਣ ਵਾਲਿਆਂ ਤੋਂ ਬਦਲਾ, ਬਦਲੇ ਕਾਰਨ ਵਿਛੋੜਾ ਤੇ ਅੰਤ ਵਿਚ ਮਿਲਾਪ। ਇਸ ਵਿਚ ਕੋਈ ਨਵੀਂ ਗੱਲ ਨਹੀਂ ਤੇ ਨਾ ਹੀ ਇਸ ਵਿਚ ਕੋਈ ਨਵਾਂ ਪ੍ਰਯੋਗ ਕੀਤਾ ਗਿਆ ਹੈ। ਫਿਰ ਇਹ ਵਖਰੀ ਕਿਉਂ ਹੈ? ਇਹ ਭਿੰਨ ਹੈ ਮੌਲਿਕ ਨਿਭਾਅ ਦੇ ਕਾਰਨ।

ਉਪਰੋਕਤ ਘਟਨਾਵਾਂ ਰਮਾ ਵਿਜ, ਕੁਲਭੂਸ਼ਨ ਖਰਬੰਦਾ, ਅਮਰੀਸ਼ਪੁਰੀ, ਰਾਜ ਬੱਬਰ, ਓਮਪੁਰੀ, ਰਜਨੀ ਸ਼ਰਮਾ, ਸੁਨੀਤਾ ਧੀਰ, ਸੁਸ਼ਮਾ ਸੇਠ ਤੇ ਹੋਰ ਕਈ ਕਲਾਕਾਰਾਂ ਦੇ ਗਿਰਦ ਘੁੰਮਦੀਆਂ ਹਨ। ਕਮਾਲ ਪਾਤਰਾਂ ਦਾ ਚਿਤਰਣ, ਉਨ੍ਹਾਂ ਦੀ ਚੋਣ ਤੇ ਉਨ੍ਹਾਂ ਤੋਂ ਕੰਮ ਲੈਣ ਦੀ ਸੂਝਬੂਝ ਵਿਚ ਹੈ। ਇਹੀ ਕਾਰਣ ਹੈ ਕਿ ਇਹ ਫਿਲਮ ਸੁਚੀ ਹੈ।

ਕਿਸੇ ਵੀ ਵਡੀ ਫਿਲਮ ਦੀ ਖ਼ੂਬੀ ਉਸ ਦਾ ਆਪਣਾ ਮਾਹੌਲ ਹੁੰਦਾ ਹੈ। ਇਸ ਲਿਹਾਜ਼ ਨਾਲ 'ਚੰਨ ਪ੍ਰਦੇਸੀ' ਸ਼ੁਰੂ ਤੋਂ ਹੀ ਆਪਣੇ ਮਾਹੌਲ ਵਿਚ ਦਰਸ਼ਕ ਨੂੰ ਰੰਗ ਲੈਂਦੀ ਹੈ ਤੇ ਆਪਣੀ ਉਂਗਲੀ ਨਾਲ ਲਾਕੇ ਉਸ ਨੂੰ ਸ਼ੁਰੂ ਤੋਂ ਅਖੀਰ ਤਕ ਪਾਤਰਾਂ ਤੇ ਘਟਨਾਵਾਂ ਨਾਲ ਜੋੜੀ ਰਖਦੀ ਹੈ। ਦਰਸ਼ਕ ਖੁਦ ਫਿਲਮ ਦਾ ਅੰਗ ਬਣ ਜਾਂਦਾ ਹੈ।

ਅੰਤ ਵਿਚ ਫਿਲਮ ਉਨ੍ਹਾਂ ਤੋਂ ਉਂਗਲੀ ਛੁਡਾ ਲੈਂਦੀ ਹੈ ਤੇ ਦਰਸ਼ਕ 'ਆਹ ਤੇ ਵਾਹ' ਦੇ ਰਲੇ ਮਿਲੇ ਜਜ਼ਬੇ ਵਿਚ ਸਿਨਮਾ ਹਾਲ 'ਚੋਂ ਬਾਹਰ ਆਉਂਦਾ ਹੈ।

ਫਿਲਮ ਵਿਚ ਸਬਜੈਕਟ ਦੀ ਹੈਂਡਲਿੰਗ, ਮਾਹੌਲ ਦੀ ਬਰਕਰਾਰੀ ਅਤੇ ਪਾਤਰਾਂ ਤੇ ਨਿਰਦੇਸ਼ਕ ਦਾ ਤਾਲਮੇਲ ਹੀ ਇਸ ਨੂੰ ਰਾਸ਼ਟਰ ਪਧਰ ਦਾ ਐਵਾਰਡ ਦਿਵਾਉਣ ਵਿਚ ਸਫਲ ਰਿਹਾ ਹੈ ਜਿਹੜੀ ਕਿ ਪੰਜਾਬੀ ਫਿਲਮਾਂ ਤੇ ਪੰਜਾਬੀ ਦਰਸ਼ਕਾਂ ਲਈ ਇਕ ਵਰਦਾਨ ਸਾਬਤ ਹੋਈ ਹੈ।

ਨੇਕ (ਕੁਲਭੂਸ਼ਨ ਖਰਬੰਦਾ) ਕੰਮੋ (ਰਮਾ ਵਿਜ) ਨੂੰ ਚੁਕ ਕੇ ਅਚਾਨਕ ਜ਼ਮੀਨ ਮਿਲ ਜਾਣਦੀ ਖੁਸ਼ੀ ਵਿਚ ਸਾਰੇ ਖੇਤਾਂ ਦਾ ਗੇੜਾ ਦਿਵਾਉਣ ਦੇ ਸੀਨ ਵਿਚ ਆਪਣੀ ਅਭਿਨੈ ਕਲਾ ਦਾ ਵਧੀਆ ਨਮੂਨਾ ਪੇਸ਼ ਕਰਦਾ ਹੈ।

ਰਮਾ ਵਿਜ ਕੁਖ ਦੇ ਹੌਕੇ ਤੇ ਪਤੀ ਦੇ ਵਿਯੋਗ ਕਾਰਨ ਖਾਮੋਸ਼ੀ ਆਪਣੀਆਂ ਅੱਖਾਂ ਵਿਚ ਵਸਾ ਲੈਂਦੀ ਹੈ। ਅਮਰੀਸ਼ਪੁਰੀ ਜ਼ਿਮੀਂਦਾਰ ਦੇ ਰੋਲ ਵਿਚ ਖੂਬ ਜਚਦਾ ਹੈ ਤੇ ਉਸਨੇ ਆਪਣੀ ਉਦਾਸ ਦਿਖ ਅਖੀਰ ਤਕ ਬਰਕਰਾਰ ਰਖੀ ਹੈ। ਰੇਪ ਸੀਨ ਵਿਚ ਵੀ ਉਹ ਆਪਣੀ ਇਸ ਦਿਖ ਨੂੰ ਕਾਇਮ ਰਖਦਾ ਹੈ। ਉਸਦੀ ਦਿਖ ਵਿਚ ਇਕ ਭੁਖ ਹੈ– ਬੇਸ਼ਕ ਉਹ ਵਾਰਿਸ ਦੀ ਹੋਵੇ ਜਾਂ ਹਵਸ ਦੀ।

ਓਮਪੁਰੀ (ਤੁਲਸੀ) ਜ਼ਿਮੀਂਦਾਰ ਦੇ ਪਿਠੂ ਮੁਨੀਮ ਦੀ ਭੂਮਿਕਾ ਵਿਚ ਜਿਵੇਂ ਸਾਂਚੇ 'ਚੋਂ ਢਾਲ ਕੇ ਕਢਿਆ ਹੋਵੇ। ਪੰਜਾਬੀ ਫਿਲਮੀ ਦਰਸ਼ਕਾਂ ਨੇ ਉਸਨੂੰ ਪਹਿਲੀ ਵਾਰ ਵੇਖਿਆ ਹੈ ਤੇ ਉਹ ਆਪਣੀ ਇਸ ਅਨੂਠੀ ਭੂਮਿਕਾ ਵਿਚ ਕਿਤੇ ਕਿਤੇ ਸਭ ਤੇ ਭਾਰੀ ਹੋ ਜਾਂਦਾ ਹੈ। ਉਸ ਦੇ ਚੁਸਤ ਸੰਵਾਦ, ਅਦਾਇਗੀ ਫਿਲਮੀ ਕਲਾ ਦਾ ਉਕਾ ਉਦਾਹਰਣ ਹੈ। ਖ਼ਾਸ ਤੌਰ ਤੇ ਉਸ ਸੀਨ ਵਿਚ ਜਿਸ ਵਿਚ ਰਾਜ ਬੱਬਰ ਪੈਸੇ ਲੈਕੇ ਅਮਰੀਸ਼ਪੁਰੀ ਕੋਲ ਆਉਂਦਾ ਹੈ ਤੇ ਉਹਆਪਣੇ ਹੱਡਾਂ ਤਕ ਵਸੀ ਹੋਈ ਪੈਸੇ ਦੀ ਭੁਖ ਨੂੰ ਜ਼ਾਹਿਰ ਕਰਕੇ ਨੋਟਾਂ ਤੇ ਝਪਟਣ ਦੇ ਕੁਦਰਤੀ ਅਭਿਨੈ ਦਾ ਪ੍ਰਦਰਸ਼ਨ ਕਰਦਾ ਹੈ। ਇਹ ਸੀਨ ਦੇਖਣ ਤੇ ਹਿੰਦੀ ਫਿਲਮਾਂ ਦੇ ਚਰਿਤਰ ਅਭਿਨੇਤਾ ਕਨ੍ਹਈਆ ਲਾਲ ਦੀ ਯਾਦ ਜ਼ਰੂਰ ਆਉਂਦੀ ਹੈ।

ਇਹ ਫਿਲਮ ਇਕ ਪਰਫੈਕਟ ਸਿਮਫਿਨੀ ਵਾਂਗ ਹੈ ਜਿਸ ਵਿਚ ਕਿਸੇ ਵੀ ਸੁਰ ਨੂੰ ਛੋਟਾ ਜਾਂ ਵਡਾ ਨਹੀਂ ਆਖਿਆ ਜਾ ਸਕਦਾ। ਉਹ ਤਾਂ ਇਕ ਟੀਮ ਵਰਕ ਤੇ ਤਾਲਮੇਲ ਦਾ ਇਕ ਖੂਬਸੂਰਤ ਉਦਾਹਰਣ ਹੁੰਦਾ ਹੈ ਜਿਵੇਂ ਇਹ ਫਿਲਮ ਕਹਾਣੀਕਾਰ, ਫੋਟੋਗਰਾਫਰ, ਨਿਰਦੇਸ਼ਕ ਇਕ ਦੂਜੇ ਨਾਲ ਮਿਲਕੇ ਇਸ ਨੂੰ ਇਕ ਵਡੀ ਫਿਲਮ ਬਣਾਉਣ ਵਿਚ ਕਾਮਯਾਬ ਹੋਏ ਹਨ।

ਫਿਲਮ ਦੇ ਨਿਰਮਾਤਾਵਾਂ ਨੇ ਕਿਸੇ ਵੀ ਸੀਨ ਤੇ ਸਮਝੌਤਾ ਨਹੀਂ ਕੀਤਾ ਜਾਪਦਾ। ਨਾ ਪੈਸਾ ਲਾਉਣ ਤੋਂ ਘਾਟ ਮਹਿਸੂਸ ਹੁੰਦੀ ਹੈ ਜਿਹੜੀ ਕਿ ਆਮ ਪੰਜਾਬੀ ਫਿਲਮਾਂ ਦੇ ਨਿਰਮਾਤਾਵਾਂ ਲਈ ਵਸੋਂ ਬਾਹਰੀ ਗੱਲ ਹੈ। ਫਿਲਮ ਨਿਰਮਾਣ ਇਕ ਮਹਿੰਗੀ, ਸੂਝਬੂਝ ਤੇ ਬੁਧੀ ਨਾਲ ਸਬੰਧਤ ਕਲਾ ਹੈ। ਇਸਦਾ ਸਿਧਾ ਵਾਹ ਦਰਸ਼ਕਾਂ ਨਾਲ ਹੈ ਤੇ ਜਿਸ ਵਿਚ ਹਰ ਕਲਾਸ ਦੇ ਲੋਕ ਸ਼ਾਮਲ ਹਨ ਤੇ ਉਹ ਪੈਸਾ ਖਰਚ ਕੇ ਆਪਣੇ ਆਪ ਨੂੰ ਭੁਲਣ ਲਈ ਥੇਟਰ ਜਾਂਦੇ ਹਨ। ਜੇਕਰ ਫਿਲਮਸਾਜ਼ ਉਨ੍ਹਾਂ ਦੇ ਟੇਸਟ ਵੀ ਸੁਧਾਰਨ ਦਾ ਯਤਨ ਕਰਨ ਤਾਂ ਉਹ ਨਿਰਮਾਤਾ ਆਮ ਨਿਰਮਾਤਾ ਨਹੀਂ।

ਪੰਜਾਬੀ ਸਭਿਆਚਾਰ, ਪੇਂਡੂ ਜੀਵਨ ਦੀ ਸਹੀ ਝਲਕ, ਮੁਟਿਆਰਾਂ ਦੇ ਗਿਧੇ, ਜਾਗੋ ਇਸ ਸਭ ਕੁਝ ਇਸ ਫਿਲਮ ਵਿਚ ਬੰਬਈਆ ਫਿਲਮੀ ਮਿਲਾਵਟ ਤੋਂ ਬਚ ਗਿਆ ਹੈ। ਇਥੋਂ ਤਕ ਕਿ ਮਿਹਰ ਮਿਤਲ ਵੀ ਬਿਲਕੁਲ ਜਾਇਜ਼ ਲਗਦਾ ਹੈ। ਨਿਰਮਾਤਾ ਜੋ 'ਕੁਝ ਅਡ' ਕਰਕੇ ਦਿਖਾਉਣ ਦੀ ਕੋਸ਼ਿਸ਼ ਕਰਨਗੇ ਉਨ੍ਹਾਂ ਨੂੰ ਔਕੜਾਂ ਜ਼ਰੂਰ ਆਉਣਗੀਆਂ—ਫਿਲਮ ਨਿਰਮਾਣ ਵਿਚ, ਟੈਕਸ ਮੁਆਫ ਵਿਤ ਤੇ ਪਰਦਰਸ਼ਨ ਵਿਚ।

ਇਜ਼ੀ ਰੀਚ ਦੇ ਲਾਲਚ ਵੀ ਦਿਤੇ ਜਾਂਦੇ ਹਨ। ਜਿਨ੍ਹਾਂ ਦੀ ਕਲਾ ਤੇ ਕਲਾ ਪ੍ਰੇਮੀਆਂ ਨਾਲ ਕੁਮਿਟਮੈਂਟ ਹੁੰਦੀ ਹੋਵੇ, ਉਹ ਦਰਿਆ ਤੈਰ ਕੇ ਹੀ ਪਾਰ ਕਰਦੇ ਹਨ ਜਿਵੇਂ ਕਿ ਇਸ ਫਿਲਮ ਦੇ ਨਿਰਮਾਤਾਵਾਂ ਨੇ ਕਰ ਦਿਖਾਇਆ ਹੈ।

ਲਾਹੌਰ ਕਦੀ ਪੰਜਾਬੀ ਫਿਲਮ ਨਿਰਮਾਣ ਦਾ ਕੇਂਦਰ ਸੀ। ਲਾਹੌਰ ਖੁਸਣ ਬਾਅਦ ਪੰਜਾਬੀ ਫਿਲਮਾਂ ਦਾ ਚੰਨ ਕਿਤੇ ਪ੍ਰਦੇਸ ਵਿਚ ਜਾ ਗਵਾਚਿਆ ਕਦੇ ਬੰਬਈ, ਕਦੇ ਦਿੱਲੀ। ਇਹ ਪੰਜਾਬੀ ਦਰਸ਼ਕਾਂ ਦੀ ਚੰਗੀ ਕਿਸਮਤ ਸਮਝੋ ਕਿ ਹੁਣ ਉਹ 'ਚੰਨ ਪ੍ਰਦੇਸੀ' ਲਭ ਪਿਆ ਹੈ। ਪਰ ਕੀ ਸਾਡੀ ਅਵਾਮੀ ਪੰਜਾਬ ਸਰਕਾਰ ਪਹਿਲੀ ਰਾਸ਼ਟਰੀ ਪੱਧਰ ਤੇ ਸਨਮਾਨਿਤ ਫਿਲਮ ਨੂੰ ਦੇਸ਼ ਨਿਕਾਲਾ ਹੀ ਦੇ ਰਖੇਗੀ ਜਾਂ ਗਲ-ਗੋਡੇ ਲਾਵੇਗੀ?

–ਮੂਰਤੀ

ਹੇਮਾ ਕੀ ਕਹਿੰਦੀ ਹੈ

"ਮੈਂ ਕਦੀ ਵੀ ਇਹ ਨਹੀਂ ਚਾਹਾਂਗੀ ਕਿ ਮੇਰੀ ਬੇਟੀ ਵੱਡੀ ਹੋ ਕੇ ਫ਼ਿਲਮ ਲਾਈਨ ਵਿਚ ਜਾਏ। ਹਾਂ ਮੇਰੀ ਇਹ ਇੱਛਾ ਜ਼ਰੂਰ ਹੈ ਕਿ ਗਾਉਣ ਅਤੇ ਨੱਚਣ ਵਿਚ ਉਹ ਮਾਹਿਰ ਹੋਵੇ।" ਆਪਣੀ ਛੋਟੀ ਜਿਹੀ ਪੁੱਤਰੀ ਬਾਰੇ ਗੱਲ-ਬਾਤ ਕਰਦੇ ਹੋਏ ਹੇਮਾ ਮਾਲਿਨੀ ਨੇ ਕਿਹਾ, "ਸਾਰਾ ਦਿਨ ਘਰ ਵਿਚ ਇਸ ਵਜ੍ਹਾ ਨਾਲ ਚਹਿਲ ਪਹਿਲ ਰਹਿੰਦੀ ਹੈ ਅਤੇ ਸਾਰਾ ਘਰ ਇਸੇ ਦੇ ਗਿਰਦ ਅੱਜਕਲ੍ਹ ਘੁੰਮਦਾ ਹੋਇਆ ਨਜ਼ਰ ਆਉਂਦਾ ਹੈ। ਹਾਲਾਂਕਿ ਉਸਨੂੰ ਇਹ ਪਤਾ ਨਹੀਂ ਕਿ ਉਸਦਾ ਜ਼ਿੰਦਗੀ ਵਿਚ ਕੀ ਮਹੱਤਵ ਹੈ ਪਰ ਇਹ ਇਕ ਅਸਲੀਅਤ ਹੈ ਕਿ ਘਰ ਦੇ ਸਾਰੇ ਲੋਕ ਉਸ ਦੇ ਇਸ਼ਾਰਿਆਂ ਤੇ ਨੱਚਦੇ ਹਨ।"

ਹੇਮਾ, ਜਿਸਨੇ ਸਾਰੀ ਦੁਨੀਆ ਦੀ ਨਰਾਜ਼ਗੀ ਮੁੱਲ ਲੈ ਕੇ ਧਰਮਿੰਦਰ ਨਾਲ ਵਿਆਹ ਕੀਤਾ ਹੈ, ਪਹਿਲੀ ਵਾਰ ਇੰਨੀ ਖੁਸ਼ ਅਤੇ ਨਿਸ਼ਚਿੰਤ ਦਿਖਾਈ ਦੇ ਰਹੀ ਸੀ। ਉਸਦਾ ਕਹਿਣਾ ਹੈ ਕਿ ਸਾਡੇ ਵਿਆਹ ਤੇ ਲੋਕਾਂ ਦੀ ਉਹੀ ਪ੍ਰਤੀਕਿਰਿਆ ਹੋਈ, ਜਿਸਦੀ ਸਾਨੂੰ ਆਸ ਸੀ ਪਰ ਜਦੋਂ ਪਤੀ ਪਤਨੀ ਉਸ ਨਾਲ ਖੁਸ਼ ਹੋਣ ਤਾਂ ਕੋਈ ਵੀ ਬਾਹਰਲੀ ਤਾਕਤ ਕੁਝ ਵਿਗਾੜ ਨਹੀਂ ਸਕਦੀ।

ਮੈਂ ਤਾਂ ਇਕ ਹੀ ਗੱਲ ਸਿੱਖੀ ਹੈ ਕਿ ਕੋਈ ਕੁਝ ਵੀ ਚਾਹੇ ਸਾਡੇ ਪੱਖ ਵਿਚ ਕਹੇ, ਚਾਹੇ ਵਿਰੁਧ ਕਹੇ, ਇਸਦੀ ਚਿੰਤਾ ਬਿਲਕੁਲ ਨਾ ਕਰੋ। ਮੈਂ ਬਹੁਤ ਖੁਸ਼ ਹਾਂ ਅਤੇ ਇਸ ਬੱਚੀ ਨੂੰ ਪ੍ਰਾਪਤ ਕਰਕੇ ਮੇਰੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋ ਗਈਆਂ ਹਨ ਅਤੇ ਹੁਣ ਇਹ ਰਹੱਸ ਮੇਰੀ ਸਮਝ ਵਿਚ ਆਇਆ ਹੈ ਕਿ ਕੋਈ ਵੀ ਨਾਰੀ ਬਿਨਾਂ ਬੱਚੇ ਦੇ ਅਧੂਰੀ ਕਿਉਂ ਹੈ?

ਇਕ ਹੋਰ ਸੁਆਲ ਦੇ ਉੱਤਰ ਵਿਚ ਹੇਮਾ ਨੇ ਕਿਹਾ ਕਿ ਧਰਮ ਦੇ ਪਰਿਵਾਰ ਦੇ ਸਾਰੇ ਲੋਕ ਬੱਚੀ ਨੂੰ ਦੇਖਣ ਲਈ ਆਏ ਅਤੇ ਉਨ੍ਹਾਂ ਦੇ ਪਿਤਾ ਤਾਂ ਆਪਣੀ ਪੋਤੀ ਨੂੰ ਦੇਖਣ ਲਈ ਕਈ ਵਾਰ ਇਥੇ ਆ ਚੁਕੇ ਹਨ। ਧਰਮ ਆਪਣਾ ਸਾਰਾ ਵਿਹਲਾ ਸਮਾਂ ਬੱਚੀ ਉਤੇ ਹੀ ਖਰਚ ਕਰਦੇ ਹਨ।

ਹੇਮਾ ਨੇ ਇਹ ਵੀ ਦਸਿਆ ਕਿ ਮੈਂ ਇਸ ਬੱਚੀ ਨੂੰ ਅਜਿਹੀ ਥਾਂ ਤੇ ਭੇਜਣਾ ਚਾਹਾਂਗੀ, ਜਿਥੇ ਇਹ ਅਨੁਸ਼ਾਸਨ ਵਿਚ ਰਹਿ ਕੇ ਵਿਦਿਆ ਅਤੇ ਕਲਾ ਦੀ ਟਰੇਨਿੰਗ ਗ੍ਰਹਿਣ ਕਰ ਸਕੇ ਕਿਉਂਕਿ ਕੋਈ ਵੀ ਵਿਅਕਤੀ ਬਿਨਾਂ ਵਿਦਿਆ ਦੇ ਅਧੂਰਾ ਹੀ ਰਹਿੰਦਾ ਹੈ। ਮੈਨੂੰ ਯਾਦ ਹੈ ਕਿ ਮੇਰੀ ਮੰਮੀ ਵੀ ਇਸ ਮਾਮਲੇ 'ਚ ਮੇਰੇ ਨਾਲ ਕਾਫੀ ਸਖਤੀ ਵਰਤਦੀ ਸੀ। ਮੈਂ ਪੰਜ ਸਾਲ ਦੀ ਉਮਰ ਤੋਂ ਨੱਚਣਾ ਸਿਖਿਆ ਸੀ ਅਤੇ ਜਦੋਂ ਕਦੀ ਗੁਰੂ ਜੀ ਕੋਈ ਸਜ਼ਾ ਮੈਨੂੰ ਦਿੰਦੇ ਸਨ ਤਾਂ ਮੇਰੀ ਮਾਂ ਮੈਨੂੰ ਕਹਿੰਦੀ ਸੀ, "ਖ਼ਬਰਦਾਰ, ਜੇ ਰੋਈ ਤਾਂ।"


ਜਦੋਂ ਮੈਂ ਪੁਛਿਆ ਕਿ ਕੀ ਤੁਸੀਂ ਸਚਮੁਚ ਆਪਣੀ ਬੱਚੀ ਨੂੰ ਆਪਣੇ ਤੋਂ ਦੂਰ ਭੇਜ ਸਕੋਗੇ ਤਾਂ ਹੇਮਾ ਨੇ ਕਿਹਾ, "ਯਕੀਨੀ ਤੌਰ ਤੇ ਹੀ ਯੇਸ਼ਾ ਨੂੰ ਆਪਣੇ ਤੋਂ ਦੂਰ ਭੇਜਣ ਬਾਰੇ ਸੋਚਣਾ ਮੇਰੇ ਲਈ ਔਖਾ ਹੋਵੇਗਾ ਅਤੇ ਮੇਰੇ ਤੋਂ ਵੀ ਵਧ ਉਸ ਦੀ ਜੁਦਾਈ ਉਸ ਦੇ ਪਿਤਾ ਲਈ ਨਾ ਸਹਿਣਯੋਗ ਹੋਵੇਗੀ। ਅੱਜ ਵੀ ਜਦੋਂ ਉਹ ਪਲ ਭਰ ਲਈ ਉਨ੍ਹਾਂ ਦੀਆਂ ਨਜ਼ਰਾਂ ਤੋਂ ਉਹਲੇ ਹੋ ਜਾਂਦੀ ਹੈ ਤਾਂ ਉਹ ਉਸ ਲਈ ਪ੍ਰੇਸ਼ਾਨ ਹੋ ਜਾਂਦੇ ਹਨ ਪਰ ਫਿਰ ਵੀ ਉਸਦੇ ਹਿੱਤ ਵਿਚ ਉਸਨੂੰ ਭੇਜਣਾ ਹੀ ਪਏਗਾ। ਉਸਨੂੰ ਐਕਟਰੈਸ ਕਿਸੇ ਵੀ ਹਾਲਤ ਵਿਚ ਨਹੀਂ ਬਣਾਵਾਂਗੀ।

ਇਕ ਹੋਰ ਪ੍ਰਸ਼ਨ ਦੇ ਉਤਰ ਵਿਚ ਉਸਨੇ ਕਿਹਾ ਕਿ ਬੇਸ਼ਕ ਮੈਂ ਇਹ ਕਹਿੰਦੀ ਸਾਂ ਕਿ ਮੈਨੂੰ ਧਰਮ ਵਰਗਾ ਪੁਤਰ ਚਾਹੀਦਾ ਹੈ ਪਰ ਗਰਭ ਦੇ ਅੰਤਮ ਦਿਨਾਂ 'ਚ ਮੇਰੀ ਵੀ ਤੇ ਧਰਮ ਦੀ ਵੀ ਇਹੀ ਇਛਾ ਸੀ ਕਿ ਬੱਚਾ ਨਾਰਮਲ ਅਤੇ ਸਿਹਤਮੰਦ ਹੋਣਾ ਚਾਹੀਦਾ ਹੈ। ਬੱਚੀ ਦੇ ਜੰਮਣ ਨਾਲ ਅਸੀਂ ਦੋਵੇਂ ਬੜੇ ਖੁਸ਼ ਹਾਂ ਅਤੇ ਧਰਮ ਤਾਂ ਪੁਤਰੀ ਨੂੰ ਦੇਖ ਕੇ ਬੜੇ ਹੀ ਖੁਸ਼ ਹਨ। ਸਾਡੇ ਲਈ ਯਕੀਨਨ ਹੀ ਇਹ ਇਕ ਅਨਮੋਲ ਰਤਨ ਹੈ। ਅਸੀਂ ਇਸਦਾ ਨ ਯੇਸ਼ਾ ਰਖਿਆ ਹੈ ਜਿਸਦਾ ਅਰਥ ਸੰਸਕ੍ਰਿਤ ਵਿਚ 'ਬੇਜੋੜ' ਹੈ।

ਜਦੋਂ ਮੈਂ ਪੁਛਿਆ ਕਿ ਕੀ ਤੁਰਨ ਫਿਰਨ ਦੇ ਯੋਗ ਹੋਣ ਤੇ ਯੇਸ਼ਾ ਮਾਤਾ-ਪਿਤਾ ਦੇ ਪਿਛੇ-ਪਿਛੇ ਇਕ ਸਟੂਡੀਓ ਤੋਂ ਦੂਜੇ ਸਟੂਡੀਓ ਵਿਚ ਭੱਜੀ ਫਿਰੇਗੀ ਤਾਂ ਹੇਮਾ ਨੇ ਕਿਹਾ, "ਕਦੀ ਨਹੀਂ, ਬੱਚੇ ਲਈ ਪਹਿਲੀ ਚੀਜ਼ ਪੜ੍ਹਾਈ ਹੈ। ਮੈਂ ਕਿਸੇ ਵੀ ਹਾਲਤ ਵਿਚ ਪੜ੍ਹਾਈ ਦਾ ਨੁਕਸਾਨ ਨਹੀਂ ਹੋਣ ਦਿਆਂਗੀ।"

ਇਹ ਪੁਛੇ ਜਾਣ ਤੇ ਕਿ ਕੀ ਤੁਹਾਡੀ ਮਾਤਾ ਦੀ ਨਰਾਜ਼ਗੀ ਤੁਹਾਡੇ ਨਾਲ ਘਟ ਹੋ ਗਈ ਹੈ ਤਾਂ ਉਨ੍ਹਾਂ ਨੇ ਮੁਸਕਰਾਂਦਿਆਂ ਕਿਹਾ, "ਜੀ ਹਾਂ, ਜਦੋਂ ਯੇਸ਼ਾ ਹੋਣ ਵਾਲੀ ਸੀ ਉਦੋਂ ਤੋਂ ਹੀ ਉਨ੍ਹਾਂ ਦੇ ਵਿਹਾਰ ਵਿਚ ਬੜੀ ਸਹਿਣਸ਼ਕਤੀ ਅਤੇ ਪਿਆਰ ਉਗਮ ਆਇਆ ਸੀ, ਉਂਝ ਵੀ ਸਾਡੇ ਮਤਭੇਦ ਬਹੁਤੇ ਗਹਿਰੇ ਨਹੀਂ ਸਨ। ਹੁਣ ਤਾਂ ਹਾਲਤ ਇਹ ਹੈ ਕਿ ਯੇਸ਼ਾ ਨੂੰ ਛਡ ਕੇ ਮੰਮੀ ਮਦਰਾਸ ਮੁੜਨ ਲਈ ਬੜੀ ਮੁਸ਼ਕਲ ਮੰਨੀ ਹੈ।

ਖੈਰ: ਜੇ ਹੇਮਾ ਦੀ ਇੱਛਾ ਪੂਰੀ ਹੋਈ ਤਾਂ ਯੇਸ਼ਾ ਦਾ ਭਵਿੱਖ ਯਕੀਨੀ ਤੌਰ ਤੇ ਬੜਾ ਸੁੰਦਰ ਹੋਏਗਾ।



ਦਲੀਪ ਕੁਮਾਰ ਦੋ ਸੌਂਕਣਾਂ ਵਿਚਕਾਰ ਫੱਸ ਗਿਆ!

● ਦਲੀਪ ਕੁਮਾਰ ਨੂੰ ਦਿਲ ਦੇ ਕੇ ਅਸਮਾ ਨੂੰ ਦਰਦ ਤੋਂ ਸਿਵਾ ਕੁਝ ਵੀ ਨਹੀਂ ਮਿਲਿਆ। ਦਲੀਪ ਕੁਮਾਰ ਨੇ ਉਸ ਨਾਲ ਸ਼ਾਦੀ ਤਾਂ ਕਰ ਲਈ ਹੈ ਪ੍ਰੰਤੂ ਅਸਮਾਂ ਨੂੰ ਹਾਲੇ ਤਕ ਅਪਣਾਇਆ ਨਹੀਂ ਹੈ। ਅਸਮਾ ਇਕ ਕੈਦੀ ਵਾਂਗ ਅਲੱਗ ਰਹਿ ਰਹੀ ਹੈ ਅਤੇ ਦਲੀਪ ਕੁਮਾਰ ਆਪਣੀ ਪਹਿਲੀ ਪਤਨੀ ਸਾਇਰਾ ਅਤੇ ਆਪਣੀ ਸੱਸ ਨਸੀਮ ਬਾਨੋ ਨਾਲ ਰਹਿ ਰਿਹਾ ਹੈ ਅਸਮਾ ਨੂੰ ਤਾਂ ਇਹ ਪੂਰੀ ਆਸ ਸੀ ਕਿ ਦਲੀਪ ਕੁਮਾਰ ਛੇਤੀ ਹੀ ਸਾਇਰਾ ਬਾਨੋ ਨੂੰ ਤਲਾਕ ਦੇ ਦੇਵੇਗਾ, ਪ੍ਰੰਤੂ ਹੁਣ ਦਲੀਪ ਕੁਮਾਰ ਦੇ ਹਾਲਾਤ ਅਜਿਹੇ ਹੋ ਗਏ ਹਨ ਕਿ ਉਸ ਕੋਲ ਅਸਮਾ ਨੂੰ ਸਿਵਾਏ ਤਲਾਕ ਦੇਣ ਦੇ ਹੋਰ ਕੋਈ ਚਾਰਾ ਨਾ ਰਿਹਾ। ਇਹ ਸਦਮਾ ਅਸਮਾ ਬਰਦਾਸ਼ਤ ਨਹੀਂ ਕਰ ਸਕੀ ਅਤੇ ਉਸ ਨੇ ਕਾਫੀ ਨੀਂਦ ਦੀਆਂ ਗੋਲੀਆਂ ਖਾ ਲਈਆਂ। 18 ਘੰਟੇ ਉਹ ਬੇਹੋਸ਼ ਰਹੀ। ਸਮੇਂ ਸਿਰ ਡਾਕਟਰੀ ਸਹਾਇਤਾ ਮਿਲਣ ਕਰ ਕੇ ਉਸ ਦੀ ਜਾਨ ਬਚ ਗਈ। ਦਲੀਪ ਕੁਮਾਰ ਇਹ ਸੋਚਕੇ ਕਾਫੀ ਪਰੇਸ਼ਾਨ ਹੈ ਕਿ ਅਸਮਾ ਨੇ ਜੇਕਰ ਦੁਬਾਰਾ ਖੁਦਕਸ਼ੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਕਿਸੇ ਨੂੰ ਮੂੰਹ ਦਿਖਾਉਣ ਦੇ ਯੋਗ ਨਹੀਂ ਰਹੇਗਾ।

● ਕਮਲ ਅਤੇ ਉਸ ਦੀ ਪਤਨੀ ਵਾਣੀ ਗਣਪਤੀ ਵਿਚਕਾਰ ਮਤ ਭੇਦ ਕਾਫੀ ਵਧ ਰਹੇ ਹਨ। ਇਹ ਮਤਭੇਦ ਕਿਸੇ ਦਿਨ ਤਲਾਕ ਦਾ ਰੂਪ ਵੀ ਧਾਰਨ ਕਰ ਸਕਦੇ ਹਨ। ਦੋਹਾਂ ਵਿਚਕਾਰ ਦਰਾੜ ਕਮਲ ਹਸਨ ਦੀ ਜਿੰਦਗੀ ਵਿਚ ਦੂਜੀ ਔਰਤ ਦੇ ਆਉਣ ਕਰਕੇ ਆਈ

ਸਮਿਤਾ ਪਾਟਿਲ 1981 ਦੀ ਸਭ ਤੋਂ ਵਧੀਆ ਐਕਟਰਸ

ਬੰਬਈ — 29 ਵੇਂ ਫਿਲਮ ਫੇਅਰ ਐਵਾਰਡ ਸਮਾਰੋਹ ਦੇ ਮੌਕੇ ਤੇ ਸਭ ਤੋਂ ਵਧੀਆ ਐਕਟਰੈਸ ਦਾ ਇਨਾਮ ਸਮਿਤਾ ਪਾਟਿਲ ਅਤੇ ਸਭ ਤੋਂ ਵਧੀਆ ਐਕਟਰ ਦਾ ਇਨਾਮ ਨਸੀਰਉਦੀਨ ਸ਼ਾਹ ਨੂੰ ਦਿੱਤਾ ਗਿਆ। ਉਹਨਾਂ ਦੋਹਾਂ ਨੂੰ ਇਹ ਇਨਾਮ ਫਿਲਮ "ਚੱਕਰ" ਵਿਚ ਕੰਮ ਕਰਨ ਤੇ ਦਿੱਤਾ ਗਿਆ।

ਇਸ ਤੋਂ ਇਲਾਵਾ ਸਮਿਤਾ ਨੂੰ ਇਕ ਮਰਾਠੀ ਫਿਲਮ "ਅੰਬਾਰਾਥਾ" ਵਿਚ ਵਧੀਆ ਐਕਟਿੰਗ ਕਰਨ ਤੇ ਸਾਲ ਦੀ ਸਭ ਤੋਂ ਚੰਗੀ ਅਭਿਨੇਤਰੀ ਦਾ ਇਨਾਮ ਦਿੱਤਾ ਗਿਆ। ਇਸ ਤੋਂ ਇਕ ਸਾਲ ਪਹਿਲਾਂ ਨਸੀਰਉਦੀਨ ਸ਼ਾਹ ਨੂੰ ਫਿਲਮ "ਆਕਰੋਸ਼" ਵਿਚ ਵਧੀਆ ਅਦਾਕਾਰੀ ਕਰਨ ਤੇ ਸਭ ਤੋਂ ਵਧੀਆ ਐਕਟਰ ਦਾ ਇਨਾਮ ਮਿਲਿਆ ਸੀ।


ਸੁਪ੍ਰਿਯਾ ਪਾਠਕ ਨੂੰ ਫਿਲਮ ਕਲਯੁਗ ਅਤੇ

ਅਮਜਦ ਖਾਨ ਨੂੰ ਫਿਲਮ ਯਾਰਾਨਾ ਵਿਚ ਕੰਮ ਕਰਨ ਤੇ ਸਪੋਰਟਿੰਗ ਐਕਟਰੈਸ ਅਤੇ ਐਕਟਰ ਦਾ ਇਨਾਮ ਮਿਲਿਆ। ਸ਼ਸ਼ੀ ਕਪੂਰ ਨੂੰ ਫਿਲਮ 36 ਚੌਰੰਗੀ ਲੇਨ ਬਨਾਉਣ ਤੇ ਚੇਤਨਾ ਆਨੰਦ ਨੂੰ ਸਭ ਤੋਂ ਵਧੀਆ ਫਿਲਮੀ ਕਹਾਣੀ (ਕੁਦਰਤ) ਲਿਖਣ ਤੇ ਪ੍ਰਵੀਨ ਸੁਲਤਾਨਾ ਨੂੰ ਫਿਲਮ ਕੁਦਰਤ ਦੇ ਗਾਣੇ ਗਾਉਣ ਤੇ ਅਤੇ ਆਨੰਦ ਬਖਸ਼ੀ ਨੂੰ "ਏਕ ਦੂਜੇ ਕੇ ਲੀਯੇ" ਦੇ ਗੀਤ ਲਿਖਣ ਤੇ ਇਨਾਮ ਦਿਤੇ ਗਏ।


ਪਦਮਨੀ ਕੋਹਲਾ ਪੁਰੀ ਨੂੰ ਫਿਲਮ ਅਹਿਸਤਾ ਅਹਿਸਤਾ ਵਿਚ ਕੰਮ ਕਰਨ ਤੇ ਵਿਸ਼ੇਸ਼ ਇਨਾਮ ਅਤੇ ਕਿਸ਼ੋਰ ਕੁਮਾਰ ਦੇ ਲੜਕੇ ਅਮਿਤ ਕੁਮਾਰ ਨੂੰ ਫਿਲਮ "ਲਵ ਸਟੋਰੀ" ਦੇ ਗੀਤ ਗਾਉਣ ਤੇ ਇਨਾਮ ਦਿਤੇ ਗਏ।

ਇਸ ਸਮਾਰੋਹ ਦੀ ਸਾਰੀ ਕਾਰਵਾਈ ਪੂਨਮ ਢਿੱਲੋਂ ਨੇ ਨਿਭਾਈ।

ਦੀਵਾਲੀ ਮੁਬਾਰਕ



ਕੇਵਲ ਸਿੰਘ ਪਾਬਲਾ



ਜਗਮੋਹਣ ਸਿੰਘ ਪਾਬਲਾ

ਮਠਿਆਈ ਦੀ ਸੱਭ ਤੋਂ ਵੱਡੀ ਦੁਕਾਨ
ਸੰਵਾਦੀ ਤੇ ਵਧੀਆ ਮਠਿਆਈ ਦਾ ਕਾਰਖਾਨਾ

ਹਿਮਾਲਾ ਰੈਸਟੋਰੈਂਟ

6595 MAIN ST. VANCOUVER.

324-6514 **327-1888**

ਮਠਿਆਈ ਲਈ ਕ੍ਰਿਸਮਸ ਦੀਆਂ ਤਿਆਰੀਆਂ ਅਰੰਭ

ਦੀਵਾਲੀ ਦੀ ਵਧਾਈ

ਹੁਣ ਤੋਂ ਹੀ ਮੂੰਹ ਦੇ ਸਵਾਦ ਬਣਾ ਲਓ



HIMALAYA RESTAURANT